ਬੁੱਧਵਾਰ, 6 ਮਈ, 2026
23 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 335

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 6 MAY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

# ਪੰਜਾਬ ਵਿਸ਼ਵਾਸਘਾਤ ਬਰਦਾਸ਼ਤ ਨਹੀਂ ਕਰਦਾ : ਮਾਨ

## ਭਾਜਪਾ 'ਚ ਗਏ ਰਾਜ ਸਭਾ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਕੀਤੀ ਮੰਗ

**ਨਵੀਂ ਦਿੱਲੀ** : ਪੰਜਾਬ ਵਿੱਚ ਦਲ-ਬਦਲੀ ਦੀ ਲੜਾਈ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੰਗਲਵਾਰ ਨੂੰ ਸਰਵਉੱਚ ਸੰਵਿਧਾਨਕ ਅਹੁਦੇ ਤੱਕ ਲੈ ਕੇ ਪੁੱਜੇ ਅਤੇ ਰਾਸ਼ਟਰਪਤੀ ਨੂੰ ਮਿਲੇ।ਉਨ੍ਹਾ 'ਪੰਜਾਬ ਦੇ ਗੱਦਾਰ' ਰਾਜ ਸਭਾ ਮੈਂਬਰਾਂ ਦੀ ਮੈਂਬਰਸ਼ਿਪ ਤੁਰੰਤ ਰੱਦ ਕਰਨ ਦੀ ਮੰਗ ਕੀਤੀ।ਪਾਰਟੀ ਦੀ ਇਕਜੁੱਟਤਾ ਦਾ ਪ੍ਰਦਰਸ਼ਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਵਿਧਾਇਕਾਂ ਨਾਲ ਦਿੱਲੀ ਪਹੁੰਚੇ ਅਤੇ ਰਾਸ਼ਟਰਪਤੀ ਭਵਨ ਵਿਖੇ ਦਸਤਖ਼ਤ ਕੀਤਾ ਮੰਗ ਪੱਤਰ ਸੌਂਪਿਆ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ ਵਿੱਚ ਸਿਰਫ਼ ਦੋ ਵਿਧਾਇਕ ਹੋਣ ਦੇ ਬਾਵਜੂਦ ਭਾਜਪਾ ਦੇ ਰਾਜ ਸਭਾ ਮੈਂਬਰਾਂ ਦੀ ਗਿਣਤੀ ਵਿੱਚ ਨਾਟਕੀ ਵਾਧਾ ਲੋਕਤੰਤਰੀ ਫਤਵੇ ਦੀ ਸਪੱਸ਼ਟ ਉਲੰਘਣਾ ਨੂੰ ਦਰਸਾਉਂਦਾ ਹੈ।7 ਸੰਸਦ ਮੈਂਬਰਾਂ ਨੂੰ 'ਇਲੈਕਟਿਡ ਨਹੀਂ, ਸਗੋਂ ਸਿਲੈਕਟਿਡ' ਦੱਸਦਿਆਂ ਮੁੱਖ ਮੰਤਰੀ ਮਾਨ ਨੇ ਉਨ੍ਹਾਂ ਦੀ ਦਲ-ਬਦਲੀ ਨੂੰ ਪੰਜਾਬ ਨਾਲ ਵਿਸ਼ਵਾਸਘਾਤ ਕਰਾਰ ਦਿੱਤਾ।ਉਨ੍ਹਾ ਇਨ੍ਹਾਂ ਮੈਂਬਰਾਂ ਨੂੰ ਅਸਤੀਫ਼ਾ ਦੇਣ ਅਤੇ ਨਵਾਂ ਫਤਵਾ ਲੈਣ ਦੀ ਚੁਣੌਤੀ ਦਿੱਤੀ। ਉਨ੍ਹਾ ਐਲਾਨ ਕੀਤਾ ਕਿ 'ਅਪਰੇਸ਼ਨ ਲੋਟਸ' ਵਰਗੀਆਂ ਕੋਸ਼ਿਸ਼ਾਂ ਕਦੇ ਵੀ ਪੰਜਾਬ ਵਿੱਚ ਸਫ਼ਲ ਨਹੀਂ ਹੋਣਗੀਆਂ,



ਕਿਉਂਕਿ ਪੰਜਾਬ ਕਦੇ ਵੀ ਵਿਸ਼ਵਾਸਘਾਤ ਨੂੰ ਬਰਦਾਸ਼ਤ ਨਹੀਂ ਕਰਦਾ।ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ ਉੱਤੇ ਮੀਟਿੰਗ ਦੇ ਕੁਝ ਅੰਸ਼ ਸਾਂਝੇ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੰਗਲਵਾਰ ਨੂੰ ਦਿੱਲੀ ਵਿੱਚ ਮਾਣਯੋਗ ਰਾਸ਼ਟਰਪਤੀ ਦੇ ਸਾਹਮਣੇ ਅਸੀਂ ਦੇਸ਼ ਵਿੱਚ ਹੋ ਰਹੇ 'ਲੋਕਤੰਤਰ ਦੇ ਕਤਲ' ਵਿਰੁੱਧ ਆਪਣੀ ਆਵਾਜ਼ ਮਜ਼ਬੂਤੀ ਨਾਲ ਉਠਾਈ। ਸਿਆਸੀ ਪਾਰਟੀਆਂ ਨੂੰ ਗੈਰ-ਸੰਵਿਧਾਨਕ ਤੌਰ 'ਤੇ ਤੋੜਨਾ ਅਤੇ ਭਾਜਪਾ ਦੀ 'ਵਾਸ਼ਿੰਗ ਮਸ਼ੀਨ' ਵਿੱਚ ਦਾਗੀ ਨੇਤਾਵਾਂ ਨੂੰ ਸਾਫ਼ ਕਰਨ ਲਈ ਈ ਡੀ ਤੇ ਸੀ ਬੀ ਆਈ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਸਾਡੇ ਲੋਕਤੰਤਰੀ ਢਾਂਚੇ 'ਤੇ ਸਿੱਧਾ ਹਮਲਾ ਹੈ।

ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ—ਰਾਜ ਸਭਾ ਦੇ ਸੱਤ ਮੈਂਬਰਾਂ ਦੀ ਦਲ-ਬਦਲੀ ਨਾਲ ਲੋਕਤੰਤਰ ਦਾ ਕਤਲ ਹੋਇਆ ਹੈ। ਇਹ ਗੈਰ-ਸੰਵਿਧਾਨਕ ਹੈ, ਕਿਉਂਕਿ ਜਾਂ ਤਾਂ ਪੂਰੀ ਪਾਰਟੀ ਨੂੰ ਮਤਾ ਪਾਸ ਕਰਨਾ ਚਾਹੀਦਾ ਸੀ, ਪਰ ਇਨ੍ਹਾਂ ਸੱਤ ਸੰਸਦ ਮੈਂਬਰਾਂ ਨੇ ਗੈਰ-ਸੰਵਿਧਾਨਕ ਢੰਗ ਨਾਲ ਆਪਣੀ ਵਫ਼ਾਦਾਰੀ ਬਦਲ ਲਈ, ਜਿਸ ਨਾਲ ਲੋਕਤੰਤਰ ਦਾ ਮਜ਼ਾਕ ਉਡਾਇਆ ਗਿਆ। ਸਿਸਟਮ ਵਿੱਚ ਸੁਧਾਰ ਦੀ ਮੰਗ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਸੰਸਦ ਮੈਂਬਰ ਨੂੰ ਵਾਪਸ ਬੁਲਾਉਣ ਦੀ

• ਬਾਕੀ ਸਫ਼ਾ 2 'ਤੇ

# ਘੱਟੋ-ਘੱਟ ਉਜਰਤ 'ਚ ਨਿਗੂਣੇ ਵਾਧੇ ਖਿਲਾਫ ਜ਼ੋਰਦਾਰ ਮੁਜ਼ਾਹਰੇ





**ਪਟਿਆਲਾ** : ਮੰਗਲਵਾਰ ਇੱਥੇ ਪੰਜਾਬ ਏਟਕ ਅਤੇ ਪ ਸ ਸ ਫ 1680, 22-ਬੀ ਦੇ ਸੱਦੇ 'ਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ ਅਤੇ ਰੋਸ ਭਰਪੂਰ ਰੈਲੀ ਅਤੇ ਮਾਰਚ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਪ ਸ ਸ ਫ ਦੇ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ ਨੇ ਦੱਸਿਆ ਕਿ ਪਹਿਲੀ ਮਈ ਨੂੰ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦਾ ਇੱਕ ਰੋਜ਼ਾ ਅਜਲਾਸ ਸੱਦ ਕੇ ਇਹ ਪ੍ਰਭਾਵ ਦਿੱਤਾ ਗਿਆ ਸੀ ਕਿ ਪਹਿਲੀ ਮਈ ਨੂੰ ਪੰਜਾਬ ਦੇ ਮੁਲਾਜ਼ਮਾਂ, ਮਜ਼ਦੂਰਾਂ ਦੀਆਂ ਉਹ ਸਾਰੀਆਂ ਮੰਗਾਂ ਮੰਨਣ ਦਾ ਐਲਾਨ ਵਿਧਾਨ ਸਭਾ ਵਿੱਚ ਕੀਤਾ ਜਾਵੇਗਾ ਅਤੇ ਪੰਜਾਬ ਦੇ ਸਨਅਤੀ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ 14 ਸਾਲ ਬਾਅਦ ਕੀਤਾ ਜਾਣ ਵਾਲਾ ਵਾਧਾ ਵੀ ਲੋੜ ਅਨੁਸਾਰ ਪੂਰਾ ਕੀਤਾ ਜਾਵੇਗਾ। ਪਹਿਲਾਂ ਇਹ ਵੀ ਕਿਹਾ ਗਿਆ ਸੀ ਕਿ ਅਜਲਾਸ ਦੇ ਵਿੱਚ ਮੁਲਾਜ਼ਮ-ਮਜ਼ਦੂਰ ਯੂਨੀਅਨਾਂ ਦੇ ਆਗੂਆਂ ਨੂੰ ਵੀ ਸੱਦਿਆ ਗਿਆ ਹੈ। ਅਜਿਹਾ ਸੁਨੇਹਾ ਮਿਲਿਆ ਵੀ, ਪਰ 30 ਅਪ੍ਰੈਲ ਦੀ ਰਾਤ ਨੂੰ ਹੀ ਸਰਕਾਰ ਨੇ ਮਨ ਬਦਲ ਲਿਆ ਕਿ ਅਜਲਾਸ ਵਿੱਚ ਆਗੂ ਨਾ ਆਉਣ ਅਤੇ ਪਹਿਲੀ ਮਈ ਨੂੰ 9 ਵਜੇ ਮੀਟਿੰਗ ਲੇਬਰ ਭਵਨ ਮੁਹਾਲੀ ਵਿਖੇ ਸਿਰਫ ਮਿਨੀਮਮ ਵੇਜ ਐਡਵਾਇਜ਼ਰੀ ਬੋਰਡ ਦੇ ਮੈਂਬਰਜ਼ ਆਗੂ ਹੀ ਸੱਦੇ ਗਏ, ਜਿਨ੍ਹਾਂ ਦੀ ਮੀਟਿੰਗ ਲੇਬਰ ਮਨਿਸਟਰੀ ਨਾਲ ਕਰਵਾਈ ਗਈ। ਇਸ ਮੀਟਿੰਗ ਵਿੱਚ ਪੰਜਾਬ ਏਟਕ ਵਲੋਂ ਨਿਰਮਲ ਸਿੰਘ ਧਾਲੀਵਾਲ ਸ਼ਾਮਲ ਹੋਏ। ਜਿੱਥੇ ਘੱਟੋ-ਘੱਟ ਉਜਰਤਾਂ ਵਿੱਚ ਵਾਧੇ ਬਾਰੇ ਚਰਚਾ ਕੀਤੀ ਗਈ। ਏਟਕ ਵੱਲੋਂ 26000 ਰੁਪਏ ਘੱਟੋ-ਘੱਟ ਉਜਰਤ ਐਲਾਨ ਕਰਨ 'ਤੇ ਜ਼ੋਰ ਦਿੱਤਾ ਗਿਆ, ਪਰ ਸਰਕਾਰ ਨੇ ਜੋ ਐਲਾਨ ਕੀਤਾ, ਉਹ ਸਿਰਫ 13500 ਰੁਪਏ ਪ੍ਰਤੀ ਮਹੀਨਾ ਦਾ ਕੀਤਾ ਜਦ ਕਿ ਹਰਿਆਣਾ ਵੱਲੋਂ 15220 ਰੁਪਏ ਘੱਟੋ-ਘੱਟ ਉਜਰਤ ਕੀਤੀ ਗਈ ਹੈ। ਏਟਕ ਵੱਲੋਂ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਨਿਗੁਣਾ ਵਾਧਾ ਰੱਦ ਕੀਤਾ ਗਿਆ ਸੀ ਅਤੇ ਸੱਦਾ ਦਿੱਤਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਆਪਣੇ ਕੀਤੇ ਵਾਅਦਿਆਂ ਮੁਤਾਬਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ। ਕੱਚੇ ਕਾਮੇ ਪੱਕੇ ਕਰਨ ਦਾ ਐਲਾਨ ਨਹੀਂ ਕੀਤਾ, ਪੇ ਕਮਿਸ਼ਨ ਦੇ ਬਕਾਏ ਅਤੇ ਡੀ ਏ ਦੀਆਂ ਕਿਸ਼ਤਾਂ ਦੇਣ ਬਾਰੇ ਚੁੱਪ ਵੱਟ ਲਈ, ਚਾਰੇ ਲੇਬਰ ਕੋਡ ਪੰਜਾਬ ਵਿੱਚ ਲਾਗੂ ਨਾ ਕਰਨ ਬਾਰੇ ਵੀ ਚੁੱਪ ਵੱਟ ਲਈ। ਸਰਕਾਰ ਦੇ ਮੁਲਾਜ਼ਮ—ਮਜ਼ਦੂਰ ਵਿਰੋਧੀ ਰਵੱਈਏ ਕਾਰਨ ਪੰਜਾਬ ਦੇ ਮੁਲਾਜ਼ਮਾਂ-ਮਜ਼ਦੂਰਾਂ ਵਿੱਚ ਜ਼ਬਰਦਸਤ ਰੋਸ ਪੈਦਾ ਹੋਇਆ, ਜਿਸ ਕਰਕੇ ਸਾਰੇ ਪੰਜਾਬ ਦੇ ਜ਼ਿਲ੍ਹਿਆਂ ਅਤੇ ਤਹਿਸੀਲ ਹੈੱਡਕੁਆਟਰਾਂ ਤੇ ਅਨੇਕਾਂ ਥਾਵਾਂ 'ਤੇ ਅਰਥੀ ਫੂਕ ਰੋਸ ਮੁਜ਼ਾਹਰੇ ਕੀਤੇ ਗਏ।

ਪਟਿਆਲਾ ਵਿਖੇ ਰੋਸ ਮੁਜ਼ਾਹਰੇ ਨੂੰ ਨਿਰਮਲ ਸਿੰਘ ਧਾਲੀਵਾਲ ਅਤੇ ਦਰਸ਼ਨ ਸਿੰਘ ਲੁਬਾਣਾ ਤੋਂ ਇਲਾਵਾ ਉਤਮ ਸਿੰਘ ਬਾਗੜੀ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ ਨੇ ਸੰਬੋਧਨ ਕੀਤਾ ਅਤੇ ਸੁਖਦੇਵ ਰਾਮ ਸੁੱਖੀ ਨੇ ਸਟੇਜ ਦੀ ਕਾਰਵਾਈ ਚਲਾਈ।

ਅੰਮ੍ਰਿਤਸਰ (ਮਨੋਜ ਕੁਮਾਰ) : ਪੰਜਾਬ ਸਰਕਾਰ ਵੱਲੋਂ ਸਨਅਤੀ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਵਿੱਚ ਕੇਵਲ 15 ਫੀਸਦੀ ਵਾਧਾ ਕਰਨ ਦੇ ਵਿਰੋਧ ਵਿੱਚ ਏਟਕ ਪੰਜਾਬ ਸਟੇਟ ਕਮੇਟੀ ਦੇ ਸੱਦੇ 'ਤੇ ਅੰਮ੍ਰਿਤਸਰ ਦੇ ਢਪਈ ਰੋਡ ਏਰੀਆ 'ਚ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ ਅਤੇ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ।

ਮੀਟਿੰਗ ਨੂੰ ਅਮਰਜੀਤ ਸਿੰਘ ਆਸਲ, ਦਸਵਿੰਦਰ ਕੌਰ, ਬ੍ਰਹਮਦੇਵ ਸ਼ਰਮਾ, ਮੋਹਨ ਲਾਲ ਅਤੇ ਜਸਬੀਰ ਸਿੰਘ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੇ ਸਨਅਤੀ ਮਜ਼ਦੂਰਾਂ ਦੀਆਂ ਘੱਟੋ-ਘੱਟ ਤਨਖਾਹਾਂ ਵਿੱਚ 14 ਸਾਲਾਂ ਦੇ ਅਰਸੇ ਬਾਅਦ

• ਬਾਕੀ ਸਫ਼ਾ 2 'ਤੇ

# ਭਾਜਪਾ ਦਾ ਵਿਜੇ ਰੱਥ ਪੰਜਾਬ ਦੇ ਲੋਕ ਰੋਕਣਗੇ : ਕੇਜਰੀਵਾਲ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਦਿੱਲੀ ਆਏ ਪਾਰਟੀ ਵਿਧਾਇਕਾਂ ਨਾਲ ਕਪੂਰਥਲਾ ਹਾਊਸ ਵਿਖੇ ਸੰਵਾਦ ਕੀਤਾ। ਉਨ੍ਹਾ ਕਿਹਾ ਕਿ ਚਾਰ ਸਾਲ ਬਾਅਦ ਵੀ ਪੰਜਾਬ ਵਿੱਚ ਸਰਕਾਰ ਪੱਖੀ ਲਹਿਰ ਹੈ। ਭਗਵੰਤ ਮਾਨ ਸਰਕਾਰ ਦੇ ਕੰਮਾਂ ਤੋਂ ਲੋਕ ਬੇਹੱਦ ਖੁਸ਼ ਹਨ ਅਤੇ ਮੁੜ ਸਰਕਾਰ ਬਣਾਉਣ ਲਈ ਕਾਹਲੇ ਹਨ। ਉਨ੍ਹਾ ਕਿਹਾ ਕਿ ਪਹਿਲਾਂ ਵੀ ਅਸ਼ਵਮੇਧ ਯੱਗ ਦਾ ਘੋੜਾ ਪੰਜਾਬ ਵਿੱਚ ਰੋਕਿਆ ਗਿਆ ਸੀ ਅਤੇ ਹੁਣ ਵੀ ਭਾਜਪਾ ਦਾ ਵਿਜੇ ਰੱਥ ਪੰਜਾਬ ਦੇ ਲੋਕ ਹੀ ਰੋਕਣਗੇ। ਭਾਜਪਾ ਨੇ ਪੰਜਾਬ ਦੇ ਛੇ ਰਾਜ ਸਭਾ ਮੈਂਬਰ ਚੋਰੀ ਕੀਤੇ ਹਨ, ਜਿਸ ਦਾ ਬਦਲਾ ਪੰਜਾਬ ਦੇ ਲੋਕ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੈਣਗੇ।ਰਾਸ਼ਟਰਪਤੀ ਨੂੰ ਮੰਗ ਪੱਤਰ ਸੌਂਪ ਕੇ ਕਪੂਰਥਲਾ ਹਾਊਸ ਪਹੁੰਚੇ ਪੰਜਾਬ ਦੇ 'ਆਪ' ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣੇ ਨੂੰ 4 ਸਾਲ ਹੋ ਗਏ ਹਨ। ਹੁਣ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 10 ਮਹੀਨੇ ਬਾਕੀ ਰਹਿ ਗਏ ਹਨ। ਚੋਣਾਂ ਦੇ ਆਖ਼ਰੀ ਸਾਲ ਵਿੱਚ ਅਜਿਹੀਆਂ ਬਹੁਤ ਘੱਟ ਸਰਕਾਰਾਂ ਹੁੰਦੀਆਂ ਹਨ ਕਿ ਉਸ ਸੂਬੇ ਦੇ ਲੋਕ ਆਪਣੀ ਸਰਕਾਰ ਦੀਆਂ ਤਾਰੀਫ਼ਾਂ ਕਰ ਰਹੇ ਹੋਣ। ਕਿਹਾ ਜਾਂਦਾ ਹੈ ਕਿ ਚਾਰ ਸਾਲ ਬਾਅਦ ਸੱਤਾ ਵਿਰੋਧੀ ਲਹਿਰ ਬਹੁਤ ਜ਼ਿਆਦਾ ਹੋ ਜਾਂਦੀ ਹੈ, ਪਰ 4 ਸਾਲ ਬਾਅਦ ਅੱਜ ਪੰਜਾਬ ਦੇ ਹਰ ਪਿੰਡ ਅਤੇ ਮੁਹੱਲੇ ਵਿੱਚ ਐਂਟੀ-ਇੰਕਮਬੈਂਸੀ ਨਹੀਂ, ਸਗੋਂ ਸਰਕਾਰ ਪੱਖੀ ਲਹਿਰ ਹੈ। ਸਰਕਾਰ ਬਹੁਤ ਵਧੀਆ ਕੰਮ ਕਰ ਰਹੀ ਹੈ। ਪੰਜਾਬ ਦੇ ਲੋਕ ਦਿਲੋਂ ਪੰਜਾਬ ਸਰਕਾਰ ਦੀ ਤਾਰੀਫ਼ ਕਰ ਰਹੇ ਹਨ।

## ਮੁੱਖ ਮੰਤਰੀ ਮਾਨ ਦੀ 'ਸ਼ੁਕਰਾਨਾ ਯਾਤਰਾ' ਅੱਜ ਤੋਂ

**ਜਲੰਧਰ** : ਸੂਬਾ ਸਰਕਾਰ ਨੇ 6 ਤੋਂ 9 ਮਈ ਤੱਕ ਸੂਬੇ ਭਰ ਵਿੱਚ ਕੱਢੀ ਜਾਣ ਵਾਲੀ ਚਾਰ ਦਿਨਾਂ ਦੀ 'ਸ਼ੁਕਰਾਨਾ ਯਾਤਰਾ' ਲਈ ਯੋਜਨਾ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ, ਸਰਕਾਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਐਕਟ, 2026 ਦੇ ਪਾਸ ਹੋਣ ਲਈ ਪਰਮਾਤਮਾ ਦਾ ਧੰਨਵਾਦ ਕਰਨ ਅਤੇ ਇਸ ਲਈ ਸਮਰਥਨ ਪ੍ਰਾਪਤ ਕਰਨ ਦਾ ਇਰਾਦਾ ਰੱਖਦੀ ਹੈ। ਇਹ ਯਾਤਰਾ 6 ਮਈ ਸਵੇਰੇ ਗੁਰਦੁਆਰਾ ਆਨੰਦਪੁਰ ਸਾਹਿਬ ਦੇ ਨੇੜੇ ਤੋਂ ਸ਼ੁਰੂ ਹੋਵੇਗੀ ਅਤੇ 9 ਮਈ ਦੁਪਹਿਰ ਫਤਿਹਗੜ੍ਹ ਸਾਹਿਬ ਵਿਖੇ ਸਮਾਪਤ ਹੋਵੇਗੀ। ਪਹਿਲੇ ਦਿਨ, ਪਾਰਟੀ ਲੀਡਰਸ਼ਿਪ ਰੋਪੜ ਅਤੇ ਗੜ੍ਹਸ਼ੰਕਰ ਵਿੱਚੋਂ ਲੰਘਦੇ ਹੋਏ ਇੱਕ ਕਾਫਲੇ ਵਿੱਚ ਰਵਾਨਾ ਹੋਵੇਗੀ ਅਤੇ ਨਵਾਂ ਸ਼ਹਿਰ ਵਿਖੇ ਭਗਤ ਸਿੰਘ ਦੇ ਜੱਦੀ ਸਥਾਨ ਖਟਕੜ ਕਲਾਂ ਵਿਖੇ ਮੱਥਾ ਟੇਕੇਗੀ ਅਤੇ ਫਗਵਾੜਾ ਵਿਖੇ ਸਮਾਪਤ ਹੋਵੇਗੀ। ਜਲੰਧਰ ਲਈ ਰਾਤ ਦੇ ਠਹਿਰਨ ਦੀ ਯੋਜਨਾ ਬਣਾਈ ਗਈ ਹੈ। ਦੂਜੇ ਦਿਨ ਦੀ ਯਾਤਰਾ ਜਲੰਧਰ ਵਿੱਚ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਪੁਰਾਣੀ ਬਾਰਾਂਦਰੀ

• ਬਾਕੀ ਸਫ਼ਾ 2 'ਤੇ

## ਪੰਜਾਬ-ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ 10 ਨਾਂਅ ਮਨਜ਼ੂਰ

**ਚੰਡੀਗੜ੍ਹ** : ਭਾਰਤ ਦੇ ਮੁੱਖ ਜੱਜ ਸੂਰਿਆ ਕਾਂਤ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਕਾਲਜੀਅਮ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਵਜੋਂ 10 ਵਕੀਲਾਂ ਦੀ ਤਰੱਕੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਜੱਜਾਂ ਦੀ ਘਾਟ ਕਾਰਨ ਲੰਬੇ ਸਮੇਂ ਤੋਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਨਿਆਂਇਕ ਕੰਮਕਾਜ ਉੱਤੇ ਦਬਾਅ ਬਣਿਆ ਹੋਇਆ ਹੈ। ਕਾਲਜੀਅਮ ਨੇ ਮੋਨਿਕਾ ਛਿੱਬਰ ਸ਼ਰਮਾ, ਹਰਮੀਤ ਸਿੰਘ ਦਿਓਲ, ਪੂਜਾ ਚੋਪੜਾ, ਸੁਨੀਸ਼ ਬਿੰਦਲਿਸ਼, ਨਵਦੀਪ ਸਿੰਘ, ਦਿਵਿਆ ਸ਼ਰਮਾ ਅਤੇ ਰਵਿੰਦਰ ਮਲਿਕ ਦੇ ਨਾਂਅ ਨੂੰ ਤਰੱਕੀ ਲਈ ਮਨਜ਼ੂਰੀ ਦਿੱਤੀ ਹੈ। ਇੱਕ ਵੱਖਰੇ ਮਤੇ ਵਿੱਚ ਇਸ ਨੇ ਪ੍ਰਵਿੰਦਰ ਸਿੰਘ ਚੌਹਾਨ, ਰਾਜੇਸ਼ ਗੌੜ ਅਤੇ ਮਿੰਦਰਜੀਤ ਯਾਦਵ ਦੀ ਤਰੱਕੀ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਚੌਹਾਨ ਇਸ ਸਮੇਂ ਹਰਿਆਣਾ ਦੇ ਐਡਵੋਕੇਟ-ਜਨਰਲ ਵਜੋਂ ਸੇਵਾ ਨਿਭਾਅ ਰਹੇ ਹਨ, ਜੋ ਬਾਰ ਦੇ ਤਜਰਬੇਕਾਰ ਮੈਂਬਰਾਂ ਵਿੱਚੋਂ ਲਏ ਗਏ ਨਿਯੁਕਤ ਵਿਅਕਤੀਆਂ ਦੀ ਸੂਚੀ ਵਿੱਚ ਵਾਧਾ ਕਰਦੇ ਹਨ।

## ਦੋ ਭਾਰਤੀ ਪੱਤਰਕਾਰ ਪੁਲਿਤਜ਼ਰ ਪੁਰਸਕਾਰ ਨਾਲ ਸਨਮਾਨਤ



ਨਿਊਯਾਰਕ. ਦੋ ਭਾਰਤੀ ਪੱਤਰਕਾਰਾਂ ਆਨੰਦ ਆਰਕੇ ਅਤੇ ਸੁਪਰਨਾ ਸ਼ਰਮਾ ਨੇ ਡਿਜੀਟਲ ਨਿਗਰਾਨੀ ਅਤੇ ਸਾਈਬਰ ਧੋਖਾਧੜੀ ਵਰਗੇ ਗੰਭੀਰ ਵਿਸ਼ਿਆਂ 'ਤੇ ਸ਼ਾਨਦਾਰ ਕੰਮ ਕਰਨ ਲਈ ਪੱਤਰਕਾਰੀ ਦੇ ਖੇਤਰ ਦਾ ਸਭ ਤੋਂ ਉੱਚਾ ਸਨਮਾਨ 'ਪੁਲਿਤਜ਼ਰ ਪੁਰਸਕਾਰ' ਜਿੱਤ ਲਿਆ ਹੈ। ਸੋਮਵਾਰ ਨੂੰ ਐਲਾਨੇ ਗਏ ਇਨ੍ਹਾਂ ਇਨਾਮਾਂ ਵਿੱਚ ਦੋਵਾਂ ਨੂੰ 'ਇਲਸਟਰੇਟਿਡ ਰਿਪੋਰਟਿੰਗ ਅਤੇ ਕਮੈਂਟਰੀ' ਸ਼੍ਰੇਣੀ ਵਿੱਚ ਜੇਤੂ ਐਲਾਨਿਆ ਗਿਆ। ਉਨ੍ਹਾਂ ਨੇ ਇਹ ਪੁਰਸਕਾਰ ਬਲੂਮਬਰਗ ਦੀ ਆਪਣੀ ਸਾਥੀ ਪੱਤਰਕਾਰ ਨਤਾਲੀ ਓਬੀਕੋ ਪੀਅਰਸਨ ਨਾਲ ਸਾਂਝਾ ਕੀਤਾ ਹੈ। ਕੋਲੰਬੀਆ ਯੂਨੀਵਰਸਿਟੀ ਦੁਆਰਾ ਦਿੱਤੇ ਜਾਂਦੇ ਇਹ ਪੁਰਸਕਾਰ ਪੱਤਰਕਾਰੀ, ਸਾਹਿਤ ਅਤੇ ਸੰਗੀਤ ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਸਭ ਤੋਂ ਉੱਚੇ ਮਾਨਤਾ ਪ੍ਰਾਪਤ ਸਨਮਾਨ ਮੰਨੇ ਜਾਂਦੇ ਹਨ।

# ਮਾਰਕਸਵਾਦ 21ਵੀਂ ਸਦੀ ਦਾ ਸਦਾ ਰਾਹ-ਦਸੇਰਾ : ਜਗਰੂਪ






**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਸਿਧਾਂਤਕ ਪੰਦਰਵਾੜੇ ਤਹਿਤ ਕਾਰਲ ਮਾਰਕਸ ਦਾ 209ਵਾਂ ਜਨਮ ਦਿਨ ਇੱਕ ਸਿਧਾਂਤਕ ਸੈਮੀਨਾਰ ਕਰਕੇ ਮਨਾਇਆ ਗਿਆ। ਇਸ ਸਿਧਾਂਤਕ ਸੈਮੀਨਾਰ ਨੂੰ ਸੰਬੋਧਨ ਕਰਨ ਲਈ ਕਾਮਰੇਡ ਜਗਰੂਪ ਤੇ ਪ੍ਰੋਫੈਸਰ ਸੁਖਦੇਵ ਸਿੰਘ ਸਿਰਸਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮਾਰਕਸਵਾਦੀ ਚਿੰਤਕ ਅਤੇ ਅਧਿਆਪਕ ਕਾਮਰੇਡ ਜਗਰੂਪ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਰਕਸਵਾਦ ਅੱਜ ਦੇ ਪ੍ਰਬੰਧ ਵਿੱਚ ਸਦਾ ਰਾਹ-ਦਸੇਰਾ ਹੈ। ਮਾਰਕਸਵਾਦ ਦੀ ਸ਼ਕਤੀਮਾਨਤਾ ਤੇ ਸਮਰੱਥਾ ਤੋਂ ਭੈ ਖਾਂਦੀ ਸਰਮਾਏਦਾਰੀ ਜਦੋਂ ਜਾਣਬੁੱਝ ਕੇ ਇਸ ਨੂੰ 'ਨਿਰਾਰਥਕ' ਪ੍ਰਚਾਰਨ ਦੀਆਂ ਅਸਫ਼ਲ ਕੋਸ਼ਿਸ਼ਾਂ ਕਰ

• ਬਾਕੀ ਸਫ਼ਾ 2 'ਤੇ

# ਮਾੜੀਮੇਘਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਚੁਣੇ

**ਜਲੰਧਰ** : 'ਨਵਾਂ ਜ਼ਮਾਨਾ' ਅਖ਼ਬਾਰ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੀ ਮੀਟਿੰਗ ਸੰਸਥਾ ਦੇ ਪ੍ਰਧਾਨ ਕਾਮਰੇਡ ਰਛਪਾਲ ਸਿੰਘ ਬੜਾ ਪਿੰਡ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਵਿਛੜੇ ਸਾਥੀਆਂ ਗੁਰਮੀਤ ਸਿੰਘ ਸ਼ੁਗਲੀ (ਸਕੱਤਰ) ਤੇ ਸਵਰਨ ਸਿੰਘ ਅਕਲਪੁਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਹੋਰ ਫੈਸਲਿਆਂ ਤੋਂ ਇਲਾਵਾ ਐਡਵੋਕੇਟ ਰਜਿੰਦਰ ਸਿੰਘ ਰਾਣਾ (ਸੁਲਤਾਨਪੁਰ ਲੋਧੀ) ਤੇ ਗਿਆਨ ਸੈਦਪੁਰੀ ਨੂੰ ਫਾਊਂਡੇਸ਼ਨ ਦੇ ਨਵੇਂ ਮੈਂਬਰ ਨਾਮਜ਼ਦ ਕੀਤਾ ਗਿਆ। ਇਸ ਦੇ ਨਾਲ ਦੋਹਾਂ ਸਾਥੀਆਂ ਨੂੰ ਸੰਸਥਾ ਦੀ ਸਟੈਂਡਿੰਗ ਕਮੇਟੀ ਦੇ ਮੈਂਬਰ ਲਿਆ ਗਿਆ।

**ਐਡਵੋਕੇਟ ਰਾਣਾ ਤੇ ਗਿਆਨ ਸੈਦਪੁਰੀ ਨਵੇਂ ਮੈਂਬਰ ਲਏ**



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਵਿਛੋੜੇ ਕਾਰਨ ਖਾਲੀ ਹੋਈ ਸੀਟ ਲਈ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੂੰ ਸਕੱਤਰ ਚੁਣਿਆ ਗਿਆ। ਮੰਗਲਵਾਰ ਨਵਾਂ ਜ਼ਮਾਨਾ ਦਫ਼ਤਰ ਵਿੱਚ ਨਵੇਂ ਚੁਣੇ ਗਏ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਨਵੇਂ ਲਏ ਮੈਂਬਰਾਂ ਐਡਵੋਕੇਟ ਰਾਣਾ ਤੇ ਸੈਦਪੁਰੀ ਦੀ ਨਵਾਂ ਜ਼ਮਾਨਾ ਸਟਾਫ਼ ਨਾਲ ਜਾਣ-ਪਛਾਣ ਕਾਮਰੇਡ ਗੁਰਮੀਤ ਸਿੰਘ ਨੇ ਕਰਵਾਈ। ਐਡੀਟਰ ਚੰਦ ਫਤਿਹਪੁਰੀ ਨੇ ਨਵੇਂ ਸਕੱਤਰ ਤੇ ਨਵੇਂ ਸ਼ਾਮਲ ਮੈਂਬਰਾਂ ਨੂੰ ਜੀ ਆਇਆਂ ਕਿਹਾ। ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਯਕੀਨ ਦਿਵਾਇਆ ਕਿ ਉਹ ਅਖ਼ਬਾਰ ਦੀ ਬਿਹਤਰੀ ਲਈ ਤਨਦੇਹੀ ਨਾਲ ਕੰਮ ਕਰਨਗੇ।

## ਕਾਇਰ ਕਦੇ ਇਮਾਨਦਾਰੀ ਨਾਲ ਨਹੀਂ ਲੜਦੇ : ਰਿਚਾ ਚੱਢਾ

ਨਵੀਂ ਦਿੱਲੀ. ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਹਾਸਲ ਕੀਤੀ ਵੱਡੀ ਜਿੱਤ ਨੇ ਜਿੱਥੇ ਸੂਬੇ ਵਿੱਚ 15 ਸਾਲਾਂ ਤੋਂ ਚੱਲ ਰਹੇ ਤ੍ਰਿਣਮੂਲ ਕਾਂਗਰਸ ਦੇ ਸ਼ਾਸਨ ਨੂੰ ਖ਼ਤਮ ਕਰ ਦਿੱਤਾ ਹੈ, ਉੱਥੇ ਹੀ ਫ਼ਿਲਮੀ ਜਗਤ ਵਿੱਚ ਇਸ 'ਤੇ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ਬਾਲੀਵੁੱਡ ਅਦਾਕਾਰਾ ਰਿਚਾ ਚੱਢਾ ਨੇ ਬੰਗਾਲ ਵਿੱਚ ਆਈ ਇਸ 'ਕੇਸਰੀ ਸੁਨਾਮੀ' 'ਤੇ ਸਵਾਲ ਉਠਾਉਂਦਿਆਂ ਭਾਜਪਾ 'ਤੇ ਧਾਂਦਲੀ ਦੇ ਦੋਸ਼ ਲਾਏ ਹਨ।ਆਪਣੇ ਬੇਬਾਕ ਅੰਦਾਜ਼ ਲਈ ਜਾਣੀ ਜਾਂਦੀ ਰਿਚਾ ਚੱਢਾ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ ਹੈ, "ਕਾਇਰ ਕਦੇ ਵੀ ਇਮਾਨਦਾਰੀ ਨਾਲ ਲੜਨਾ ਨਹੀਂ ਜਾਣਦੇ।" ਰਿਚਾ ਵੱਲੋਂ ਉਠਾਏ ਗਏ ਸਵਾਲਾਂ ਨੇ ਚੋਣ ਨਤੀਜਿਆਂ ਦੀ ਪਾਰਦਰਸ਼ਤਾ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਅਦਾਕਾਰਾ ਪਹਿਲਾਂ ਵੀ ਭਾਜਪਾ ਦੀਆਂ ਨੀਤੀਆਂ ਅਤੇ ਧਰਮ ਆਧਾਰਿਤ ਸਿਆਸਤ ਦੀ ਖੁੱਲ੍ਹ ਕੇ ਨਿਖੇਧੀ ਕਰਦੀ ਰਹੀ ਹੈ।

## ਈਰਾਨੀ ਡਰੋਨ ਹਮਲੇ 'ਚ 3 ਭਾਰਤੀ ਜ਼ਖ਼ਮੀ

**ਤਹਿਰਾਨ** : ਸੰਸਾਰ ਦੇ ਸਭ ਤੋਂ ਅਹਿਮ ਸਮੁੰਦਰੀ ਮਾਰਗ ਹਾਰਮੁਜ਼ ਜਲਡਮਰੂ ਵਿੱਚ ਈਰਾਨ ਅਤੇ ਅਮਰੀਕਾ ਵਿਚਾਲੇ ਜੰਗਬੰਦੀ ਦੇ ਖ਼ਤਰੇ ਵਿੱਚ ਪੈਣ ਕਾਰਨ ਤਣਾਅ ਬੇਹੱਦ ਵਧ ਗਿਆ ਹੈ। ਅਮਰੀਕੀ ਫ਼ੌਜ ਨੇ ਸੋਮਵਾਰ ਨੂੰ ਇਸ ਰਸਤੇ ਰਾਹੀਂ ਫਸੇ ਹੋਏ ਵਪਾਰਕ ਜਹਾਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦੌਰਾਨ ਈਰਾਨੀ ਡਰੋਨ ਵੱਲੋਂ ਸੰਯੁਕਤ ਅਰਬ ਅਮੀਰਾਤ ਦੀ ਇਕ ਤੇਲ ਸਹੂਲਤ 'ਤੇ ਕੀਤੇ ਗਏ ਹਮਲੇ ਵਿੱਚ ਤਿੰਨ ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ ਹਨ। ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਐਡਮਿਰਲ ਬ੍ਰੈਡ ਕੂਪਰ ਨੇ ਦੱਸਿਆ ਕਿ ਈਰਾਨ ਨੇ ਸੋਮਵਾਰ ਨੂੰ ਹਾਰਮੁਜ਼ ਦੇ ਇਲਾਕੇ ਵਿੱਚ ਹਮਲਾਵਰ ਰੁਖ਼ ਅਪਣਾਇਆ, ਜਿਸ ਤੋਂ ਬਾਅਦ ਅਮਰੀਕੀ ਹੈਲੀਕਾਪਟਰਾਂ ਨੇ ਈਰਾਨ ਦੀਆਂ ਛੇ ਛੋਟੀਆਂ ਕਿਸ਼ਤੀਆਂ ਨੂੰ ਡੋਬ ਦਿੱਤਾ, ਜੋ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੀਆਂ ਸਨ। ਕੂਪਰ ਅਨੁਸਾਰ ਈਰਾਨ ਨੇ ਕਈ ਕਰੂਜ਼ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕੀ ਸੁਰੱਖਿਆ ਛੱਤਰੀ ਨੇ ਇਨ੍ਹਾਂ ਸਾਰੇ ਖ਼ਤਰਿਆਂ ਨੂੰ ਨਾਕਾਮ ਕਰ ਦਿੱਤਾ।

## ਪਾਕਿਸਤਾਨੀ ਨੇਵੀ ਨੇ ਅਰਬ ਸਾਗਰ 'ਚ ਫਸੇ ਭਾਰਤੀ ਜਹਾਜ਼ ਦੇ ਚਾਲਕ ਦਲ ਦੀ ਕੀਤੀ ਮਦਦ

**ਇਸਲਾਮਾਬਾਦ** : ਪਾਕਿਸਤਾਨੀ ਨੇਵੀ ਨੇ ਅਰਬ ਸਾਗਰ ਵਿੱਚ ਫਸੇ ਇੱਕ ਭਾਰਤੀ ਆਫਸ਼ੋਰ ਟੱਗ ਅਤੇ ਸਪਲਾਈ ਜਹਾਜ਼ ਦੇ ਚਾਲਕ ਦਲ ਦੀ ਸਹਾਇਤਾ ਕੀਤੀ। ਡਾਨ ਅਖ਼ਬਾਰ ਨੇ ਸੁਰੱਖਿਆ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਇਸ ਬਚਾਅ ਅਤੇ ਸਹਾਇਤਾ ਕਾਰਵਾਈ ਵਿੱਚ ਪਾਕਿਸਤਾਨ ਮੈਰੀਟਾਈਮ ਸਕਿਉਰਟੀ ਏਜੰਸੀ ਨੇ ਨੇਵੀ ਦੀ ਮਦਦ ਕੀਤੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚਾਲਕ ਦਲ, ਜਿਸ ਵਿੱਚ ਛੇ ਭਾਰਤੀ ਅਤੇ ਇੱਕ ਇੰਡੋਨੇਸ਼ੀਆਈ ਨਾਗਰਿਕ ਸ਼ਾਮਲ ਸੀ, ਲਈ ਸਹਾਇਤਾ ਕਾਰਵਾਈ ਉਦੋਂ ਸ਼ੁਰੂ ਕੀਤੀ, ਜਦੋਂ ਮੁੰਬਈ ਵਿੱਚ ਮੈਰੀਟਾਈਮ ਰੈਸਕਿਊ ਐਂਡ ਕੋਆਰਡੀਨੇਸ਼ਨ ਸੈਂਟਰ ਨੇ ਪਾਕਿਸਤਾਨੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਸਹਾਇਤਾ ਦੀ ਬੇਨਤੀ ਕੀਤੀ। ਸੂਤਰਾਂ ਨੇ ਦੱਸਿਆ ਕਿ ਚਾਲਕ ਦਲ ਨੇ 'ਐਮਵੀ ਗੌਤਮ' ਵਿੱਚ ਤਕਨੀਕੀ ਨੁਕਸ ਹੋਣ ਦੀ ਰਿਪੋਰਟ ਦਿੱਤੀ ਸੀ, ਜੋ ਓਮਾਨ ਤੋਂ ਭਾਰਤ ਜਾ ਰਿਹਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫਸੇ ਹੋਏ ਚਾਲਕ ਦਲ ਨੂੰ ਭੋਜਨ, ਡਾਕਟਰੀ ਸਹਾਇਤਾ ਅਤੇ ਤਕਨੀਕੀ ਸਹਾਇਤਾ ਸਮੇਤ ਐਮਰਜੈਂਸੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ, ਜਦੋਂ ਕਿ ਜਹਾਜ਼ ਦੀ ਸਹਾਇਤਾ ਲਈ ਯਤਨ ਜਾਰੀ ਸਨ।

## ਸੜਕ ਹਾਦਸੇ 'ਚ 5 ਪੁਲਸ ਮੁਲਾਜ਼ਮਾਂ ਦੀ ਮੌਤ

**ਲਖਨਊ** : ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ ਕੁੰਡਲੀ-ਮਾਨੇਸਰ-ਪਲਵਲ ਐਕਸਪ੍ਰੈਸਵੇਅ 'ਤੇ ਮੰਗਲਵਾਰ ਸਵੇਰੇ ਇੱਕ ਸੜਕ ਹਾਦਸੇ ਵਿੱਚ ਉੱਤਰ ਪ੍ਰਦੇਸ਼ ਪੁਲਸ ਦੇ 5 ਮੁਲਾਜ਼ਮਾਂ ਦੀ ਮੌਤ ਹੋ ਗਈ।

ਇਹ ਹਾਦਸਾ ਸਵੇਰੇ ਕਰੀਬ 10:30 ਵਜੇ ਤਾਵੜੂ ਸਦਰ ਪੁਲਸ ਸਟੇਸ਼ਨ ਦੀ ਹੱਦ ਅੰਦਰ ਧੁਲਾਵਤ ਟੋਲ ਪਲਾਜ਼ਾ ਦੇ ਕੋਲ ਵਾਪਰਿਆ। ਪ੍ਰਾਪਤ ਵੇਰਵੇ ਅਨੁਸਾਰ ਉੱਤਰ ਪ੍ਰਦੇਸ਼ ਦੇ ਜਾਲੌਨ ਜ਼ਿਲ੍ਹੇ ਵਿੱਚ ਤਾਇਨਾਤ ਇਹ ਮੁਲਾਜ਼ਮ ਮਹਿੰਦਰਾ ਸਕਾਰਪੀਓ ਵਿੱਚ ਪਲਵਲ ਵੱਲ ਜਾ ਰਹੇ ਸਨ। ਚਸ਼ਮਦੀਦਾਂ ਨੇ ਦੱਸਿਆ ਕਿ ਟੋਲ ਪਲਾਜ਼ਾ ਦੇ ਕੋਲ ਡਰਾਈਵਰ ਨੇ ਇੱਕ ਹੋਰ ਵਾਹਨ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਤੇਜ਼ ਰਫ਼ਤਾਰ ਕਾਰਨ ਕੰਟਰੋਲ ਗੁਆ ਬੈਠਾ ਅਤੇ ਅੱਗੇ ਜਾ ਰਹੇ ਵਾਹਨ ਨਾਲ ਟਕਰਾ ਗਿਆ। ਟੱਕਰ ਇੰਨੀ ਭਿਆਨਕ ਸੀ ਕਿ ਐੱਸ ਯੂ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਸਾਰੇ ਪੰਜ ਸਵਾਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਅੱਜ-ਨਾਮਾ

ਚੱਲਦਾ ਸਿਸਟਮ ਤਾਂ ਲੱਗੇ ਜੀ ਬਹੁਤ ਚੰਗਾ,
ਪੈ ਜਾਏ ਵਿਘਨ ਤਾਂ ਕੌੜ ਫਿਰ ਚੜ੍ਹੇ ਬੇਲੀ।
ਅਗਲੇ ਕੰਮਾਂ ਦੇ ਹੋਣ ਦੀ ਆਸ ਕੋਈ ਨਹੀਂ,
ਪਹਿਲੇ ਕਾਰਜ ਵੀ ਰਹਿੰਦੇ ਸਭ ਅੜੇ ਬੇਲੀ।
ਜਿੱਥੇ ਕੰਮਾਂ ਦੀ ਰਹਿੰਦੀ ਕੁਝ ਲਾਈਨ ਬੱਝੀ,
ਮੁਸ਼ਕਲ ਰਹਿਣ ਆ ਵਾਧੂ ਜਿਹੇ ਖੜੇ ਬੇਲੀ।
ਉਲਝਣ ਇੱਕ ਨਾਲ ਦੂਜੀ ਆ ਜੁੜੀ ਜਾਂਦੀ,
ਪੁਆੜੇ ਵਧਦੇ ਫਿਰ ਜਾਂਦੇ ਕਈ ਬੜੇ ਬੇਲੀ।
ਅਜੋਕਾ ਜੀਵਨ ਆ ਨਾਲ ਤਕਨੀਕ ਜੁੜਿਆ,
ਲੱਗ ਜਾਏ ਡਾਫ ਤਾਂ ਕਰਦੀ ਆ ਤੰਗ ਬੇਲੀ।
ਫਿਰ ਵੀ ਧੜਕ ਰਹੀ ਜ਼ਿੰਦਗੀ ਨਾਲ ਇਹਦੇ,
ਜੁੜੀ ਆ ਇਹਦੇ ਨਾਲ ਰੋਜ਼ ਦੀ ਜੰਗ ਬੇਲੀ।

-ਤੀਸ ਮਾਰ ਖਾਂ

# ਮਾਰਕਸੀ ਵਿਚਾਰਧਾਰਾ ਇਨਕਲਾਬੀ ਸਮਾਜਕ ਤਬਦੀਲੀ ਲਈ ਅੱਜ ਵੀ ਪ੍ਰਸੰਗਕ : ਬੂਟਾ ਸਿੰਘ ਮਹਿਮੂਦਪੁਰ

**ਕਾਰਲ ਮਾਰਕਸ ਜਨਮ ਦਿਹਾੜਾ ਸਮਾਗਮ**



**ਜਲੰਧਰ (ਕੇਸਰ)** ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ 'ਤੇ ਹੋਈ ਵਿਚਾਰ-ਚਰਚਾ ਨੇ ਨਿਚੋੜ ਕੱਢਿਆ ਕਿ ਪੂੰਜੀਵਾਦ ਦੇ ਸਿਖ਼ਰਲੇ ਪੜਾਅ ਸਾਮਰਾਜਵਾਦ ਨੇ ਪੂਰੀ ਤਰ੍ਹਾਂ ਨਿਸੰਗ ਹੋ ਕੇ ਦੁਨੀਆ ਨੂੰ ਆਪਣਾ ਲੋਟੂ, ਜੰਗਬਾਜ਼ ਅਤੇ ਫਾਸ਼ੀ ਚਿਹਰਾ ਉਘਾੜ ਕੇ ਦਿਖਾ ਦਿੱਤਾ ਹੈ, ਜਿਸ ਖ਼ਿਲਾਫ਼ ਲੋਕ ਵਿਰੋਧ ਵੀ ਸੰਸਾਰ ਮੰਚ 'ਤੇ ਸਾਹਮਣੇ ਆ ਰਿਹਾ ਹੈ।

ਇਸ ਵਿਚਾਰ-ਚਰਚਾ ਦੇ ਸ਼ੁਰੂਆਤੀ ਸ਼ਬਦ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸਮਾਜ ਨੂੰ ਚਿੰਬੜੇ ਚੌਤਰਫ਼ਾ ਰੋਗਾਂ ਦਾ ਇਲਾਜ ਮਾਰਕਸਵਾਦੀ ਵਿਗਿਆਨ ਪਾਸ ਹੀ ਹੈ। ਉਹਨਾ ਜ਼ੋਰ ਦੇ ਕੇ ਕਿਹਾ ਕਿ ਪਰ ਇਹ ਇਲਾਜ ਕੋਈ ਸੁਭਾਵਕ ਵਰਤਾਰਾ ਨਹੀਂ, ਇਸ ਲਈ ਸਮਾਜ ਦੀਆਂ ਤਬਦੀਲੀ-ਪਸੰਦ ਸ਼ਕਤੀਆਂ ਨੂੰ ਆਪਣੀ ਚੇਤਨ ਭੂਮਿਕਾ ਅਦਾ ਕਰਨ ਲਈ ਅੱਗੇ ਆਉਣ ਦੀ ਲੋੜ ਹੈ।

ਜਨਰਲ ਸਕੱਤਰ ਨੇ ਜ਼ੋਰ ਦਿੱਤਾ ਕਿ ਵਿਚਾਰ-ਚਰਚਾਵਾਂ ਦੇ ਅਜਿਹੇ ਸਿਲਸਿਲੇ ਨੂੰ ਨਿਰੰਤਰ ਜਾਰੀ ਰੱਖਣਾ ਸਮੇਂ ਦੀ ਤਿੱਖੀ ਮੰਗ ਹੈ।

'ਅਜੋਕੇ ਸਮੇਂ 'ਚ ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ ਉਪਰ ਆਪਣੇ ਭਾਸ਼ਣ ਨੂੰ ਕੇਂਦਰਤ ਕਰਦਿਆਂ ਲੇਖਕ, ਅਨੁਵਾਦਕ ਅਤੇ ਜਮਹੂਰੀ ਹੱਕਾਂ ਦੀ ਲਹਿਰ ਦੇ ਜਾਣੇ-ਪਹਿਚਾਣੇ ਝੰਡਾਬਰਦਾਰ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਜ਼ਦੂਰ ਜਮਾਤ ਦੀ ਪੁੱਗਤ ਵਾਲੇ ਨਵੇਂ ਸਮਾਜ ਦੀ ਸਿਰਜਣਾ ਦਾ ਜਨਮ ਦਿਹਾੜਾ ਹੈ। ਕਾਰਨ ਮਾਰਕਸ ਨੇ ਇਹ ਨੁਕਤਾ ਉਭਾਰ ਕੇ ਸਾਹਮਣੇ ਲਿਆਂਦਾ ਕਿ ਪੂੰਜੀਵਾਦ ਆਪਣੇ ਵਜੂਦ ਦੇ ਅੰਦਰ ਸਮੋਈ ਵਿਰੋਧਤਾਈ ਕਾਰਨ ਇਹ ਨਿਰੰਤਰ ਸੰਕਟ ਵਿੱਚ ਘਿਰਿਆ ਹੈ। ਭਾਵੇਂ ਇਹ ਢੋਲ ਇਉਂ ਪਿੱਟਦਾ ਹੈ ਕਿ ਸਰਮਾਏਦਾਰੀ ਪ੍ਰਬੰਧ ਸਦੀਵੀ ਹੈ, ਪਰ ਹਕੀਕਤ ਇਹ ਹੈ ਕਿ ਇਸ ਦੇ ਧੁਰ ਅੰਦਰ ਹੀ ਇਸ ਦੀ ਆਪਣੀ ਕਬਰ ਖੋਦੇ ਜਾਣ ਦੇ ਲੱਛਣ ਸਮੋਏ ਹਨ।

ਬੂਟਾ ਸਿੰਘ ਮਹਿਮੂਦਪੁਰ ਨੇ ਇਤਿਹਾਸਕ ਤੱਥਾਂ ਅਤੇ ਅਜੋਕੇ ਸਮੇਂ ਦੀਆਂ ਚਿੱਟੇ ਦਿਨ ਵਰਗੀਆਂ ਹਕੀਕਤਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਨਕਲਾਬੀ ਸਮਾਜਕ ਤਬਦੀਲੀ ਲਈ ਮਾਰਕਸੀ ਫ਼ਲਸਫ਼ਾ ਅੱਜ ਵੀ ਸਰਵੋਤਮ ਰਾਜਨੀਤਕ ਧਾਰਾ ਹੈ।

ਮਹਿਮੂਦਪੁਰ ਨੇ ਆਪਣੇ ਭਾਸ਼ਣ ਵਿੱਚ ਇਹ ਪੱਖ ਉੱਭਰਵੇਂ ਰੂਪ ਵਿੱਚ ਪੇਸ਼ ਕੀਤਾ ਕਿ ਉਪਰੋਂ ਪੱਕੇ ਪੈਰੀਂ ਹੋਣ ਦੀਆਂ ਬੜ੍ਹਕਾਂ ਮਾਰਦਾ ਅਜੋਕਾ ਲੋਕ-ਦੋਖੀ ਪ੍ਰਬੰਧ ਮਾਰਕਸੀ ਚਿੰਤਨ ਦੀਆਂ ਨਜ਼ਰਾਂ 'ਚ ਅੰਦਰੋਂ ਖੋਖਲਾ ਹੈ। ਉਹ ਆਪਣੀ ਹੋਂਦ ਲਈ ਜੰਗਾਂ, ਫਾਸ਼ੀ ਹੱਲਿਆਂ ਦਾ ਸਹਾਰਾ ਲੈ ਕੇ ਅੱਕੀਂ-ਪਲਾਹੀਂ ਹੱਥ ਮਾਰਦਾ ਹੈ, ਇਸ ਦੇ ਨਤੀਜੇ ਵਜੋਂ ਉਹ ਹੋਰ ਵੀ ਡੂੰਘੇ ਸੰਕਟਾਂ ਵਿੱਚ ਘਿਰਦਾ ਜਾ ਰਿਹਾ ਹੈ। ਅਖ਼ੀਰ 'ਚ ਬੂਟਾ ਸਿੰਘ ਨੇ ਕਿਹਾ ਕਿ ਅਨੇਕਾਂ ਸਮੱਸਿਆਵਾਂ ਵਿੱਚ ਘਿਰੇ ਸੰਸਾਰ ਪ੍ਰਬੰਧ ਲਈ ਮੁਕਤੀ, ਖੁਸ਼ਹਾਲੀ, ਤਰੱਕੀ, ਬਰਾਬਰੀ ਅਤੇ ਅਮਨ ਦਾ ਮਾਰਗ ਦਰਸਾਵਾ ਮਾਰਕਸਵਾਦੀ ਵਿਗਿਆਨਕ ਵਿਚਾਰਧਾਰਾ ਹੀ ਹੈ।

ਇਸ ਮੌਕੇ ਮਾਸਟਰ ਮਦਨ ਲਾਲ ਬੁੱਲੋਵਾਲ, ਡਾ. ਜਗਜੀਤ ਸਿੰਘ ਚੀਮਾ, ਮੰਗਤ ਰਾਮ ਪਾਸਲਾ, ਡਾ. ਸੈਲੇਸ਼, ਅਮੀਸ਼ ਬਾਗ਼ਪੁਰ, ਅਮਰੀਕ ਸਿੰਘ ਆਰ ਸੀ ਐੱਫ., ਕੇਸਰ, ਰਾਮੇਸ਼ ਚੋਹਕਾ ਅਤੇ ਪ੍ਰੋ. ਕੇਵਲ ਕਲੋਟੀ ਨੇ ਵੀ ਆਪਣੇ ਵਿਚਾਰ ਰੱਖੇ।

ਵਿਚਾਰ-ਚਰਚਾ ਨੇ ਬਹੁਤ ਹੀ ਨਿਤਰਵੇਂ ਰੂਪ 'ਚ ਕਿਹਾ ਕਿ ਪੂੰਜੀਵਾਦ, ਨਵ ਉਦਾਰਵਾਦ ਵਰਗੀਆਂ ਸਭੇ ਘੜੀਆਂ ਯੁਗਤਾਂ ਘੱਟੇ ਰੁਲ ਰਹੀਆਂ ਹਨ। ਪੂੰਜੀਵਾਦੀ ਪ੍ਰਬੰਧ ਸਥਾਈ ਤੌਰ 'ਤੇ ਨਹੀਂ ਰਹਿ ਸਕਦਾ। ਇਸ ਦਾ ਜਕੜ ਪੰਜਾ ਤੋੜਨ ਲਈ ਚੇਤਨ ਜਮਾਤੀ ਜਾਗਰਤੀ ਅਤੇ ਨਵੇਂ ਸਿਰਿਓਂ ਇਨਕਲਾਬੀ ਲਹਿਰ ਦੀ ਉਸਾਰੀ ਅਤੇ ਨਿਜ਼ਾਮ ਸਿਰਜਣ ਲਈ ਬੇਕਿਰਕ ਜਮਾਤੀ ਘੋਲ਼ ਲਾਜ਼ਮੀ ਹੈ।

ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਦੇਸ਼ ਦੇ ਗੰਭੀਰ ਅਤੇ ਚਿੰਤਾਜਨਕ ਹਾਲਾਤ ਅੰਦਰ ਇਹ ਮਾਣ ਦੇਸ਼ ਭਗਤ ਯਾਦਗਾਰ ਕਮੇਟੀ ਦੇ ਹਿੱਸੇ ਆਉਂਦਾ ਹੈ ਜਿਹੜੀ ਮੂੰਹ ਜ਼ੋਰ ਹਨੇਰੇ ਦੀ ਪਰਵਾਹ ਨਾ ਕਰਦਿਆਂ ਧਰਤੀ 'ਤੇ ਰੰਗਲੀ ਸਵੇਰ ਲਿਆਉਣ ਲਈ ਸਮੇਂ-ਸਮੇਂ ਅਜੋਕੇ ਸਮੇਂ ਮਾਰਕਸਵਾਦ

• ਬਾਕੀ ਸਫ਼ਾ 2 'ਤੇ

ਨਵਾਂ ਜ਼ਮਾਨਾ
ਬੁੱਧਵਾਰ, 6 ਮਈ 2026

# ਨਤੀਜੇ ਕੀ ਦਰਸਾਉਣ

ਚਾਰ ਰਾਜਾਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਿੰਨ ਰਾਜਾਂ ਵਿੱਚ ਬਦਲਾਅ ਲਈ ਵੱਡਾ ਫਤਵਾ ਦੇਖਣ ਨੂੰ ਮਿਲਿਆ, ਜਦੋਂ ਕਿ ਇੱਕ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਮੌਜੂਦਾ ਸਥਿਤੀ ਨੂੰ ਬਰਕਰਾਰ ਰੱਖਣ ਦਾ ਫੈਸਲਾ ਆਇਆ। ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿੱਚ ਵੱਡੇ ਸਿਆਸੀ ਉਲਟਫੇਰ ਦੇਖਣ ਨੂੰ ਮਿਲੇ ਹਨ, ਜਿੱਥੇ ਪਹਿਲੇ ਵਿੱਚ ਭਾਜਪਾ ਪਹਿਲੀ ਵਾਰ ਸੱਤਾ ਵਿੱਚ ਆਉਣ 'ਚ ਕਾਮਯਾਬ ਹੋਈ ਹੈ, ਦੂਜੇ ਵਿੱਚ ਅਦਾਕਾਰ ਵਿਜੇ ਦੀ ਅਗਵਾਈ ਵਾਲੀ ਤਮਿਲਾਗਾ ਵੇਤਰੀ ਕੜਗਮ (ਟੀ ਵੀ ਕੇ), ਦ੍ਰਾਵਿੜ ਮੁਨੇਤਰ ਕੜਗਮ (ਡੀ ਐੱਮ ਕੇ) ਨੂੰ ਸੱਤਾ ਤੋਂ ਲਾਂਭੇ ਕਰਨ ਲਈ ਤਿਆਰ ਹੈ। ਕੇਰਲਾ ਵਿੱਚ ਕਾਂਗਰਸ ਦੀ ਅਗਵਾਈ ਵਾਲਾ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ (ਯੂ ਡੀ ਐੱਫ) ਲੈਫਟ ਡੈਮੋਕ੍ਰੇਟਿਕ ਫਰੰਟ (ਐੱਲ ਡੀ ਐੱਫ) ਨੂੰ ਭਾਰੀ ਵੋਟਾਂ ਨਾਲ ਹਰਾ ਕੇ ਸੱਤਾ ਵਿੱਚ ਵਾਪਸੀ ਕਰੇਗਾ। ਅਸਾਮ ਵਿੱਚ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਅਤੇ ਪੁੱਡੂਚੇਰੀ ਵਿੱਚ ਐੱਨ ਡੀ ਏ ਗੱਠਜੋੜ ਦੀ ਜਿੱਤ ਦੀ ਉਮੀਦ ਪਹਿਲਾਂ ਹੀ ਸੀ ਅਤੇ ਸੱਤਾਧਾਰੀਆਂ ਨੇ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ।

ਭਾਜਪਾ ਲਈ, ਪ੍ਰਮੁੱਖ ਰਾਜਾਂ ਵਿੱਚ ਪੱਛਮੀ ਬੰਗਾਲ ਇੱਕ ਅੰਤਮ ਮੋਰਚਾ ਰਿਹਾ ਹੈ, ਜਿੱਥੇ ਇਸ ਨੇ ਦੋ-ਤਿਹਾਈ ਬਹੁਮਤ ਦਾ ਅੰਕੜਾ ਪਾਰ ਕਰ ਲਿਆ ਹੈ। ਇਹ ਪਾਰਟੀ 2011 ਵਿੱਚ ਸੂਬੇ ਦੇ ਚੋਣ ਦ੍ਰਿਸ਼ ਵਿੱਚ ਕਿਤੇ ਵੀ ਨਹੀਂ ਸੀ, ਪਰ ਉਦੋਂ ਤੋਂ ਇਸ ਨੇ ਆਪਣੀ ਸਥਿਤੀ ਵਿੱਚ ਲਗਾਤਾਰ ਸੁਧਾਰ ਕੀਤਾ। ਇਸ ਨੇ ਹੋਰਨਾਂ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੇ ਵੱਲ ਖਿੱਚਿਆ, ਕੇਂਦਰ ਵਿੱਚ ਆਪਣੀ ਤਾਕਤ ਦੀ ਖੁੱਲ੍ਹੀ ਵਰਤੋਂ ਕੀਤੀ ਅਤੇ ਸਮਾਜੀ ਇੰਜੀਨੀਅਰਿੰਗ ਨੂੰ ਇੱਕ ਸਿਆਸੀ ਰਣਨੀਤੀ ਵਜੋਂ ਸਫਲਤਾਪੂਰਵਕ ਵਰਤਿਆ। ਧਰੁਵੀਕਰਨ ਵਾਲੇ ਬਿਰਤਾਂਤ ਵੀ ਇਸ ਰਣਨੀਤੀ ਦਾ ਹਿੱਸਾ ਰਹੇ ਹਨ, ਜਿਨ੍ਹਾਂ ਨੂੰ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਰਵਾਇਤੀ ਮੁਸਲਿਮ ਵੋਟ ਬੈਂਕ ਦੇ ਮੁਕਾਬਲੇ ਵਜੋਂ ਪੇਸ਼ ਕੀਤਾ ਗਿਆ। ਭਾਜਪਾ ਨੂੰ ਟੀ ਐੱਮ ਸੀ ਨੂੰ ਹਿੰਦੂ-ਵਿਰੋਧੀ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਹਮਾਇਤੀ ਵਜੋਂ ਪੇਸ਼ ਕਰਨ ਦਾ ਫਾਇਦਾ ਮਿਲਿਆ। ਇਸ ਦੀ ਮੁਹਿੰਮ ਮੁੱਖ ਤੌਰ 'ਤੇ ਗੈਰ-ਕਾਨੂੰਨੀ ਪ੍ਰਵਾਸ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਔਰਤਾਂ ਦੀ ਸੁਰੱਖਿਆ ਦੀ ਘਾਟ ਵਰਗੇ ਮੁੱਦਿਆਂ 'ਤੇ ਕੇਂਦਰਤ ਸੀ। ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਨੇ ਵੀ ਟੀ ਐੱਮ ਸੀ ਦੇ ਅੰਕੜਿਆਂ ਨੂੰ ਪ੍ਰਭਾਵਤ ਕੀਤਾ, ਕਿਉਂਕਿ ਲੱਖਾਂ ਦੀ ਗਿਣਤੀ 'ਚ ਵੋਟਰ ਛਾਂਗ ਦਿੱਤੇ ਗਏ ਸਨ। ਹਾਲਾਂਕਿ, ਇਨ੍ਹਾਂ ਵਿੱਚੋਂ ਕੋਈ ਵੀ ਕਾਰਕ ਟੀ ਐੱਮ ਸੀ ਨੂੰ ਪ੍ਰਭਾਵਤ ਨਹੀਂ ਕਰ ਸਕਦਾ ਸੀ, ਜੇ ਤਿੰਨ ਵਾਰ ਰਾਜ ਕਰਨ ਵਾਲੀ ਇਸ ਪਾਰਟੀ ਵਿਰੁੱਧ ਲੋਕਾਂ ਵਿੱਚ ਸਖਤ ਨਾਰਾਜ਼ਗੀ ਨਾ ਹੁੰਦੀ। ਨੌਜਵਾਨਾਂ ਵਿੱਚ ਮੌਕਿਆਂ ਦੀ ਘਾਟ ਬਾਰੇ ਚਿੰਤਾਵਾਂ ਸਪੱਸ਼ਟ ਦਿਖਾਈ ਦੇ ਰਹੀਆਂ ਸਨ। ਔਰਤਾਂ ਵਿੱਚ ਮਮਤਾ ਬੈਨਰਜੀ ਦਾ ਸਮਰਥਨ ਘਟਦਾ ਨਜ਼ਰ ਆ ਰਿਹਾ ਸੀ। ਭਵਾਨੀਪੁਰ ਵਿੱਚ ਉਸ ਦੀ ਆਪਣੀ ਹਾਰ ਵੋਟਰਾਂ ਦੇ ਮੂਡ ਵਿੱਚ ਆਏ ਸਮੂਹਕ ਬਦਲਾਅ ਨੂੰ ਦਰਸਾਉਂਦੀ ਹੈ।

ਤਾਮਿਲਨਾਡੂ ਨੇ ਚੋਣ ਇਤਿਹਾਸ ਸਿਰਜਿਆ ਹੈ, ਜਿੱਥੇ ਐੱਮ ਕੇ ਸਟਾਲਿਨ ਦੀ ਅਗਵਾਈ ਵਾਲੀ ਡੀ ਐੱਮ ਕੇ ਦੋ ਸਾਲ ਪਹਿਲਾਂ ਬਣੀ ਇੱਕ ਪਾਰਟੀ ਤੋਂ ਬੁਰੀ ਤਰ੍ਹਾਂ ਹਾਰ ਗਈ, ਜਿਸ ਬਾਰੇ ਮੰਨਿਆ ਜਾਂਦਾ ਸੀ ਕਿ ਉਹ ਸਿਰਫ ਮਾਮੂਲੀ ਪ੍ਰਭਾਵ ਹੀ ਪਾ ਸਕੇਗੀ। ਇਹ ਹੈਰਾਨੀਜਨਕ ਹਾਰ ਦਰਸਾਉਂਦੀ ਹੈ ਕਿ ਭ੍ਰਿਸ਼ਟਾਚਾਰ, ਭਤੀਜਾਵਾਦ ਅਤੇ ਮਾੜੇ ਸ਼ਾਸਨ ਵਰਗੇ ਮੁੱਦਿਆਂ 'ਤੇ ਸਰਕਾਰ ਵਿਰੁੱਧ ਭਾਵਨਾਵਾਂ ਬਹੁਤ ਮਜ਼ਬੂਤ ਸਨ। ਕੋਲਾਥੁਰ ਵਿੱਚ ਆਪਣੇ ਗੜ੍ਹ ਵਿੱਚੋਂ ਸਟਾਲਿਨ ਦੀ ਹਾਰ ਇਸ ਰੁਝਾਨ ਦੀ ਸਭ ਤੋਂ ਵਧੀਆ ਉਦਾਹਰਣ ਹੈ। ਇੱਕ ਅਹਿਮ ਉਲਟਫੇਰ ਵਿੱਚ, ਆਪਣੇ ਨੇਤਾ ਦੇ ਕ੍ਰਿਸ਼ਮੇ ਅਤੇ ਜਨਤਕ ਅਪੀਲ 'ਤੇ ਸਵਾਰ ਇੱਕ ਨਵੀਂ ਪਾਰਟੀ ਨੇ ਦ੍ਰਾਵਿੜ ਪਛਾਣ 'ਤੇ ਬਣੇ ਇੱਕ ਸਿਆਸੀ ਮਾਡਲ ਅਤੇ ਸਰਕਾਰ ਨੂੰ ਡੇਗ ਦਿੱਤਾ ਹੈ। ਤਾਮਿਲਨਾਡੂ ਦੀ ਰਾਜਨੀਤੀ ਅਤੇ ਸਿਨੇਮਾ ਵਿਚਕਾਰ ਹਮੇਸ਼ਾ ਮਜ਼ਬੂਤ ਸੰਬੰਧ ਰਹੇ ਹਨ। ਵਿਜੇ ਇਸ ਮੌਕੇ ਦਾ ਫਾਇਦਾ ਉਠਾਉਣ ਲਈ ਸਹੀ ਥਾਂ 'ਤੇ ਸੀ। ਛੇ ਦਹਾਕਿਆਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕੋਈ ਪਾਰਟੀ ਅਤੇ ਨੇਤਾ, ਜਿਸ ਦਾ ਦ੍ਰਾਵਿੜ ਵਿਚਾਰਧਾਰਾ ਨਾਲ ਕੋਈ ਪ੍ਰਤੱਖ ਸੰਬੰਧ ਨਹੀਂ ਹੈ, ਰਾਜ ਵਿੱਚ ਸੱਤਾ ਵਿੱਚ ਆ ਰਿਹਾ ਹੈ। ਆਲ ਇੰਡੀਆ ਅੰਨਾ ਡੀ ਐੱਮ ਕੇ, ਜੋ ਕਿ 2016 ਵਿੱਚ ਜੈਲਲਿਤਾ ਦੀ ਮੌਤ ਤੋਂ ਬਾਅਦ ਲੀਡਰਸ਼ਿਪ ਸੰਕਟ ਅਤੇ ਸਿਆਸੀ ਝਟਕਿਆਂ ਨਾਲ ਜੂਝ ਰਹੀ ਹੈ, ਨੇ ਆਪਣਾ ਆਧਾਰ ਹੋਰ ਵੀ ਗੁਆ ਲਿਆ ਹੈ।

ਕਾਂਗਰਸ ਲਈ, ਕੇਰਲਾ ਵਿੱਚ ਵੱਡੀ ਜਿੱਤ ਨਾਲ ਰਾਹਤ ਮਿਲੀ ਹੈ, ਜਿੱਥੇ ਪਾਰਟੀ ਦੀ ਅਗਵਾਈ ਵਾਲੇ ਯੂ ਡੀ ਐੱਫ ਨੇ ਦੋ-ਤਿਹਾਈ ਬਹੁਮਤ ਨਾਲ ਜਿੱਤ ਦਰਜ ਕੀਤੀ ਹੈ। ਇੱਕ ਅਜਿਹੇ ਰਾਜ, ਜਿੱਥੇ ਇਤਿਹਾਸਕ ਤੌਰ 'ਤੇ ਹਰ ਪੰਜ ਸਾਲ ਬਾਅਦ ਵਿਰੋਧੀ ਗੱਠਜੋੜ ਸੱਤਾ ਵਿੱਚ ਆਉਂਦੇ ਰਹੇ ਹਨ, ਵਿੱਚ 10 ਸਾਲਾਂ ਤੋਂ ਸੱਤਾ ਵਿੱਚ ਰਹੀ ਐੱਲ ਡੀ ਐੱਫ ਸਰਕਾਰ ਨੂੰ ਸਰਕਾਰ-ਵਿਰੋਧੀ ਭਾਵਨਾਵਾਂ ਦੀ ਇੱਕ ਮਜ਼ਬੂਤ ਲਹਿਰ ਦਾ ਸਾਹਮਣਾ ਕਰਨਾ ਪਿਆ ਹੈ। ਐੱਲ ਡੀ ਐੱਫ ਦੇ ਕਈ ਮੰਤਰੀ ਅਤੇ ਸੀਨੀਅਰ ਨੇਤਾ ਆਪਣੀਆਂ ਸੀਟਾਂ ਹਾਰ ਗਏ। ਮੁਸਲਮ ਅਤੇ ਈਸਾਈ ਭਾਈਚਾਰਿਆਂ ਦੀਆਂ ਵੋਟਾਂ ਦੇ ਇਕਜੁੱਟ ਹੋਣ ਨਾਲ ਮਾਹੌਲ ਯੂ ਡੀ ਐੱਫ ਦੇ ਪੱਖ ਵਿੱਚ ਹੋਰ ਮਜ਼ਬੂਤ ਹੁੰਦਾ ਦਿਖਾਈ ਦਿੱਤਾ, ਜਿਸ ਕਾਰਨ ਵਿਰੋਧੀ ਧੜੇ ਨੇ ਹੂੰਝਾਫੇਰ ਜਿੱਤ ਹਾਸਲ ਕੀਤੀ। ਪਹਿਲੀ ਵਾਰ, ਭਾਜਪਾ ਨੇ ਰਾਜ ਵਿੱਚ ਤਿੰਨ ਸੀਟਾਂ ਜਿੱਤ ਕੇ ਹੈਰਾਨ ਕੀਤਾ ਹੈ। ਅਸਾਮ ਵਿੱਚ ਵੋਟਰਾਂ ਨੇ ਮੌਜੂਦਾ ਭਾਜਪਾ ਦਾ ਸਮਰਥਨ ਜਾਰੀ ਰੱਖਿਆ ਹੈ, ਜੋ ਕਿ ਰਾਜ ਵਿੱਚ 10 ਸਾਲਾਂ ਤੋਂ ਸੱਤਾ ਵਿੱਚ ਹੈ। ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਸ਼ਾਸਨ ਅਤੇ ਘੋਸ਼ਤ ਸਿਆਸੀ ਸਟੈਂਡ ਦੋਵਾਂ ਵਿੱਚ ਧਰੁਵੀਕਰਨ ਦੀ ਨੀਤੀ ਅਪਣਾਈ ਹੈ। ਇਸ ਬੇਰੋਕ ਪਹੁੰਚ ਨੇ ਭਾਜਪਾ ਨੂੰ ਉਸ ਰਾਜ ਵਿੱਚ ਆਪਣੀ ਸਥਿਤੀ ਸੁਧਾਰਨ ਵਿੱਚ ਮਦਦ ਕੀਤੀ ਹੈ, ਜੋ ਪਹਿਲਾਂ ਹੀ ਫਿਰਕੂ ਲੀਹਾਂ 'ਤੇ ਵੰਡਿਆ ਹੋਇਆ ਹੈ।

ਰਾਸ਼ਟਰੀ ਪੱਧਰ 'ਤੇ, ਚੋਣ ਨਤੀਜੇ ਇੱਕ ਕਮਜ਼ੋਰ ਹੁੰਦੀ ਵਿਰੋਧੀ ਧਿਰ ਵੱਲ ਇਸ਼ਾਰਾ ਕਰਦੇ ਹਨ। ਟੀ ਐੱਮ ਸੀ ਅਤੇ ਡੀ ਐੱਮ ਕੇ ਦੋਵੇਂ ਹੀ ਵਿਰੋਧੀ ਗੱਠਜੋੜ ਦੇ ਥੰਮ੍ਹ ਰਹੇ ਹਨ ਅਤੇ ਮਮਤਾ ਅਤੇ ਸਟਾਲਿਨ ਭਾਜਪਾ ਤੇ ਇਸ ਦੇ ਸਹਿਯੋਗੀਆਂ ਦੇ ਸਭ ਤੋਂ ਕੱਟੜ ਆਲੋਚਕਾਂ ਵਿੱਚੋਂ ਸਨ। ਹੁਣ ਉਹ ਕਮਜ਼ੋਰ ਪੈ ਗਏ ਹਨ। ਉਨ੍ਹਾਂ ਦੀ ਹਾਰ ਉਨ੍ਹਾਂ ਖੇਤਰੀ ਸਿਆਸੀ ਤਾਕਤਾਂ ਦੇ ਕਮਜ਼ੋਰ ਹੋਣ ਦਾ ਵੀ ਸੰਕੇਤ ਦਿੰਦੀ ਹੈ, ਜਿਨ੍ਹਾਂ ਨੂੰ ਭਾਜਪਾ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਮੰਨਿਆ ਜਾਂਦਾ ਸੀ। ਮਹਾਰਾਸ਼ਟਰ ਅਤੇ ਬਿਹਾਰ ਵਰਗੇ ਰਾਜ ਪਹਿਲਾਂ ਹੀ ਖੇਤਰੀ ਪਾਰਟੀਆਂ ਦੇ ਪਤਨ ਅਤੇ ਟੁੱਟ-ਭੱਜ ਦੇ ਗਵਾਹ ਰਹੇ ਹਨ। 2026 ਦੇ ਨਤੀਜੇ ਇਸ ਰੁਝਾਨ ਨੂੰ ਹੋਰ ਅੱਗੇ ਵਧਾਉਣ ਦਾ ਜੋਖਮ ਪੈਦਾ ਕਰਦੇ ਹਨ। ਕੇਰਲਾ ਵਿੱਚ ਖੱਬੇ-ਪੱਖੀਆਂ ਦੀ ਹਾਰ ਨਾਲ ਕੌਮੀ ਆਪੋਜ਼ੀਸ਼ਨ ਨੂੰ ਇੱਕ ਹੋਰ ਝਟਕਾ ਲੱਗਾ ਹੈ। ਹੁਣ ਮੁੱਖ ਜ਼ਿੰਮੇਵਾਰੀ ਕਾਂਗਰਸ 'ਤੇ ਹੈ ਕਿ ਉਹ ਭਾਜਪਾ ਦਾ ਟਾਕਰਾ ਕਰਨ ਲਈ ਹਮਖਿਆਲ ਪਾਰਟੀਆਂ ਨਾਲ ਕਿਵੇਂ ਤਾਲਮੇਲ ਬਿਠਾ ਕੇ 'ਇੰਡੀਆ ਬਲਾਕ' ਨੂੰ ਮਜ਼ਬੂਤ ਕਰਦੀ ਹੈ।

# ਸਦਾ-ਬਹਾਰ ਚੋਣਾਂ : ਸਿਰਫ਼ ਇੱਕ ਸਿਆਸੀ ਖੇਡ


ਗੁਰਮੀਤ ਸਿੰਘ ਪਲਾਹੀ

ਸਵਾਲਾਂ ਦਾ ਸਵਾਲ ਅਤੇ ਅੰਤਮ ਸਵਾਲ ਇਕੋ ਕਿ ਕੀ ਲਗਾਤਾਰ ਚੋਣਾਂ ਦਾ ਪ੍ਰਚਾਰ ਲੋਕਤੰਤਰ ਨੂੰ ਮਜ਼ਬੂਤ ਕਰਦਾ ਹੈ?

ਪੱਛਮੀ ਬੰਗਾਲ ਚੋਣਾਂ ਦੇ ਨਤੀਜੇ ਆਏ ਵੀ ਨਹੀਂ ਕਿ ਪੰਜਾਬ, ਉਤਰ ਪ੍ਰਦੇਸ਼ ਦਾ ਚੋਣ ਮੈਦਾਨ ਭਖ ਗਿਆ ਹੈ। ਪੰਜਾਬ ਅਤੇ ਉੱਤਰ ਪ੍ਰਦੇਸ਼ 'ਚ ਚੋਣਾਂ 2027 'ਚ ਹੋਣੀਆਂ ਹਨ, ਪਰ ਜਨਤਾ ਨੂੰ ਚੋਣ ਵਾਇਦੇ ਅਤੇ ਇਰਾਦੇ ਹੁਣੇ ਹੀ ਸੁਣਾਈ ਦੇਣ ਲੱਗੇ ਹਨ।

ਪੰਜਾਬ ਦਾ ਮਾਹੌਲ ਏਨੀ ਤੇਜ਼ੀ ਨਾਲ ਬਦਲ ਰਿਹਾ ਹੈ ਕਿ ਕੁਝ ਸਮਝਣਾ ਔਖਾ ਹੈ। ਭਾਜਪਾ ਦੀ ਰਣਨੀਤੀ ਨੇ ਚੋਣਾਂ ਨੂੰ ਬਾਰਾਂ ਮਾਸੀ ਪ੍ਰਕਿਰਿਆ ਬਣਾ ਦਿੱਤਾ ਹੈ। ਇੱਕ ਸੂਬੇ ਦੇ ਨਤੀਜੇ ਆਉਣ ਤੋਂ ਪਹਿਲਾਂ ਇਹ ਪੂਰਾ ਭਾਜਪਾ ਚੋਣ ਮਾਮਲਾ ਦੂਜੇ ਸੂਬੇ ਵੱਲ ਕੂਚ ਕਰ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਹਰ ਨੀਤੀਗਤ ਫ਼ੈਸਲੇ ਉੱਤੇ ਚੋਣ ਸਮੀਕਰਨ ਭਾਰੀ ਰਹਿੰਦੀ ਹੈ। ਕੇਂਦਰੀ ਮੰਤਰੀਆਂ ਦਾ ਜਥਾ ਕਿਸੇ ਨਾ ਕਿਸੇ ਸੂਬੇ ਵਿੱਚ ਚੋਣ ਤਿਆਰੀ ਲਈ ਡੇਰਾ ਲਾਈ ਰੱਖਦਾ ਹੈ। ਕੋਈ ਵੀ ਯੋਜਨਾ ਹੋਵੇ, ਕੋਈ ਵੀ ਸਕੀਮ ਹੋਵੇ, ਉਸ ਦੇ ਉਦਘਾਟਨ ਨੂੰ ਚੋਣ ਰੈਲੀ 'ਚ ਬਦਲ ਦਿੱਤਾ ਜਾਂਦਾ ਹੈ। ਅਸਲ 'ਚ ਭਾਜਪਾ ਦੀ ਟੀਮ ਇੱਕ ਚੋਣ ਮਸ਼ੀਨਰੀ ਦੀ ਤਰ੍ਹਾਂ ਕੰਮ ਕਰਦੀ ਦਿਖਦੀ ਹੈ।

ਆਓ, ਭਾਜਪਾ ਦੀ ਚੋਣ ਮਸ਼ੀਨਰੀ ਨੂੰ ਸਮਝੀਏ। ਉਸ ਤੋਂ ਵੀ ਪਹਿਲਾਂ ਭਾਜਪਾ ਦੀ ਮੈਂਬਰਸ਼ਿਪ ਨੂੰ ਵਾਚੀਏ। ਸਤੰਬਰ 2024 ਵਿਚ ਇਕ ਦਿਨ ਵਿੱਚ ਹੀ ਭਾਜਪਾ ਨੇ 47 ਲੱਖ ਮੈਂਬਰਸ਼ਿਪ ਕਰ ਲਈ। ਪਹਿਲੇ ਪੜਾਅ ਵਿੱਚ 6 ਕਰੋੜ ਅਤੇ ਕੁੱਲ 10 ਕਰੋੜ ਤੋਂ ਜ਼ਿਆਦਾ ਮੈਂਬਰਸ਼ਿਪ ਦਾ ਮੀਲ ਪੱਥਰ ਭਾਜਪਾ ਨੇ ਪ੍ਰਾਪਤ ਕੀਤਾ। ਸਿੱਟਾ ਸਾਲ 2014, ਸਾਲ 2019 ਅਤੇ ਫਿਰ 2024 ਵਿੱਚ ਭਾਜਪਾ-ਰਾਜਗ ਨੇ ਬਹੁਮਤ ਹਾਸਲ ਕੀਤਾ, ਹਾਲਾਂਕਿ 2024 'ਚ ਉਹ 240 ਸੀਟਾਂ ਲੈ ਜਾ ਸਕੀ ਤੇ ਉਸ ਦੀ ਗਠਬੰਧਨ 'ਤੇ ਨਿਰਭਰਤਾ ਵਧ ਗਈ।

2014 ਦੇ ਬਾਅਦ ਭਾਰਤ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਗਈ ਹੈ ਜਾਂ ਬਦਲ ਦਿੱਤੀ ਗਈ ਹੈ। ਨਰਿੰਦਰ ਮੋਦੀ ਦੀ ਚੋਣ ਜਿੱਤਣ ਲਈ ਸਿਟੀਜ਼ਨ ਫਾਰ ਅਕਾਊਂਟੇਬਲ ਗਵਰਨੈਂਸ (ਸੀ ਏ ਜੀ.) ਜਿਹੀ ਭਾਜਪਾ ਸੰਸਥਾ ਨੇ ਕੰਮ ਕੀਤਾ। ਚੋਣ ਰੈਲੀਆਂ ਦੀ ਮਨਜ਼ੂਰੀ ਤੋਂ ਲੈ ਕੇ ਉਮੀਦਵਾਰਾਂ ਦੀ ਚੋਣ ਤੱਕ ਦਾ ਕੰਮ ਇਹੋ ਸੰਸਥਾ ਕਰਦੀ ਰਹੀ। ਇਹ ਰਿਪੋਰਟ ਸੈਂਟਰ ਫਾਰ ਇੰਟਰਨੈਸ਼ਨਲ ਗਵਰਨੈਂਸ ਇਨੋਵੇਸ਼ਨ ਨੇ ਛਾਪੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਆਈ ਟੀ ਟੀਮ ਦੇ 6 ਜ਼ੋਨ ਹਨ, 11 ਮੈਂਬਰਾਂ ਦੀ ਸੋਸ਼ਲ ਮੀਡੀਆ ਟੀਮ ਹੈ, ਜ਼ਿਲ੍ਹੇ ਵਿੱਚ 11, ਮੰਡਲ ਵਿੱਚ 5, ਵਾਰਡ ਵਿੱਚ ਦੋ ਅਤੇ ਹਰ ਬੂਥ ਉੱਤੇ ਪੰਜ ਸਰਗਰਮ ਮੈਂਬਰ ਹਨ। ਇਹ ਢਾਂਚਾ ਚੋਣਾਂ ਦੇ ਮਹੀਨਿਆਂ ਵਿੱਚ ਹੀ ਨਹੀਂ ਸਾਲ ਭਰ ਚਲਦਾ ਰਹਿੰਦਾ ਹੈ।

ਇਹ ਗੱਲ ਸਮਝਣੀ ਔਖੀ ਨਹੀਂ ਹੈ ਕਿ ਇਸ ਪੂਰੀ ਮਸ਼ੀਨਰੀ ਪਿੱਛੇ ਤਾਕਤ ਆਰ ਐੱਸ ਐੱਸ ਦੀ ਹੈ। ਬਰਟਾਨਿਕਾ ਖੰਗਾਲੋ। ਆਰ ਐੱਸ ਐੱਸ ਦੀਆਂ ਸ਼ਾਖਾਵਾਂ ਦੀ ਗਿਣਤੀ ਸਾਲ 2025 ਤੱਕ ਵਧ ਕੇ 80 ਹਜ਼ਾਰ ਹੋ ਗਈ। ਇੱਕ ਹੋਰ ਰਿਪੋਰਟ ਅਨੁਸਾਰ ਸਾਲ 2014 ਵਿੱਚ ਆਰ ਐੱਸ ਐੱਸ ਦੀਆਂ ਸ਼ਾਖਾਵਾਂ (ਪ੍ਰਤੀ ਦਿਨ, ਹਫਤਾਵਾਰ ਅਤੇ ਮਹੀਨਾਵਾਰ) 44,982 ਸਨ, ਜੋ ਮਾਰਚ 2025 ਤੱਕ ਵੱਧ ਕੇ 83,129 ਸ਼ਾਖਾਵਾਂ ਹੋ ਗਈਆਂ, ਜਿਨਾਂ ਦੀਆਂ ਮੀਟਿੰਗਾਂ 32,147 ਅਤੇ ਮੰਡਲੀਆਂ 12, 091 ਬਣ ਗਈਆਂ। ਸਮਝ ਲਵੋ 10 ਸਾਲਾਂ ਵਿੱਚ ਲਗਭਗ ਦੁਗਣੀਆਂ। ਇਸ ਸਬੰਧੀ ਫੌਰਨ ਅਫੇਅਰਜ਼ ਦੀ ਇੱਕ ਰਿਪੋਰਟ ਅੱਖਾਂ ਖੋਲ੍ਹਣ ਵਾਲੀ ਹੈ ਕਿ ਸਾਲ 2024 ਵਿੱਚ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਪ੍ਰਚਾਰ ਮੁਹਿਮ ਵਿੱਚ ਸਭ ਤੋਂ ਅੱਗੇ ਆਰ ਐੱਸ ਐੱਸ ਦਾ ਵਿਸ਼ਾਲ ਕਾਡਰ ਸੀ, ਜੋ ਵੋਟਰਾਂ ਦੇ ਘਰ-ਘਰ ਪਹੁੰਚਿਆ।

ਸਮਝਣਾ ਪਵੇਗਾ ਕਿ ਚੋਣ-ਦਰ-ਚੋਣ, ਹਰ ਵੇਲੇ ਚੋਣ ਸਰਕਾਰੀ ਕੰਮ 'ਚ ਰੁਕਾਵਟ ਬਣਦੀ ਹੈ। ਸਾਲ 2014 ਤੋਂ 2026 ਤੱਕ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ 36 ਤੋਂ ਜ਼ਿਆਦਾ ਚੋਣਾਂ ਹੋ ਚੁੱਕੀਆਂ ਹਨ। ਲਗਭਗ ਹਰ ਤਿਮਾਹੀ ਇੱਕ ਚੋਣ। ਹਰ ਵਾਰ ਆਦਰਸ਼ ਚੋਣ ਜ਼ਾਬਤਾ ਲੱਗਦਾ ਹੈ ਅਤੇ ਵਿਕਾਸ ਕਾਰਜ ਠੱਪ ਹੋ ਜਾਂਦੇ ਹਨ। ਸਰਕਾਰੀ ਘੋਸ਼ਨਾਵਾਂ ਵੀ ਬੰਦ ਹੋ ਜਾਂਦੀਆਂ ਹਨ।

ਅਸਲ ਵਿੱਚ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੀ ਲਕੀਰ, ਸ਼ਾਸਨ ਅਤੇ ਚੋਣ ਪ੍ਰਚਾਰ ਦਰਮਿਆਨ ਸੀ ਕਿ ਉਹ ਮਿੱਟ ਤਾਂ ਨਹੀਂ ਗਈ? ਦੇਸ਼ ਦਾ ਪ੍ਰਧਾਨ ਮੰਤਰੀ ਹਰ ਵੇਲੇ ਚੋਣ ਮੋਡ ਵਿੱਚ ਰਹਿੰਦਾ। ਉਸ ਦੀ ਕੈਬਨਿਟ ਸ਼ਾਸਨ, ਪ੍ਰਸ਼ਾਸਨ ਨਾਲੋਂ ਵੱਧ ਚੋਣ ਮੁਹਿੰਮ 'ਚ ਜੁਟੀ ਰਹਿੰਦੀ ਹੈ। ਪੱਛਮੀ ਬੰਗਾਲ ਦੀ ਸਾਲ 2026 ਚੋਣ ਲਈ ਉਡੀਸ਼ਾ ਦੇ ਮੁੱਖ ਮੰਤਰੀ ਮੋਹਨ ਮਾਝੀ, ਕੈਬਨਿਟ ਮੰਤਰੀ ਅਤੇ ਵਿਧਾਇਕਾਂ ਦੀਆਂ ਟੋਲੀਆਂ ਬੂਥ ਪ੍ਰਬੰਧਨ ਲਈ ਕਲਕੱਤਾ ਪਹੁੰਚੀਆਂ। ਸਿੱਧਾ ਸਪਸ਼ਟ ਸੰਕੇਤ ਇਹ ਹੈ ਕਿ ਇੱਕ ਸੂਬੇ ਦੀ ਚੁਣੀ ਹੋਈ ਸਰਕਾਰ, ਦੂਜੇ ਸੂਬੇ ਵਿੱਚ ਚੋਣ ਲੜ ਰਹੀ ਹੈ, ਕਿਉਂਕਿ ਭਾਜਪਾ ਜਾਣਦੀ ਹੈ ਕਿ ਕੇਂਦਰ ਵਿੱਚ ਸੱਤਾ ਦੀ ਸਥਾਪਤੀ ਸੂਬਿਆਂ 'ਚ ਜਿੱਤ ਰਾਹੀਂ ਪ੍ਰਾਪਤ ਹੋ ਸਕਦੀ ਹੈ।

ਉੱਤਰ ਪ੍ਰਦੇਸ਼ ਵਿਧਾਨ ਸਭਾ ਦੀ ਚੋਣ 2027 ਵਿੱਚ ਹੈ। ਭਾਜਪਾ ਨੇ ਮੋਰਚਾਂ ਹੁਣੇ ਹੀ ਖੋਲ੍ਹ ਦਿੱਤਾ ਹੈ। ਪ੍ਰਧਾਨ ਮੰਤਰੀ ਵਾਰਾਨਸੀ ਦੌਰੇ 'ਤੇ ਗਏ ਹਨ। ਪੰਜਾਬ 'ਚ ਚੋਣ ਸਰਗਰਮੀਆਂ ਆਰੰਭ ਹੋ ਗਈਆਂ ਹਨ। ਭਾਜਪਾ ਦੇ ਉੱਚ ਅਧਿਕਾਰੀ ਕਾਨਫਰੰਸਾਂ ਕਰਨ ਲੱਗ ਪਏ ਹਨ। ਵਰਕਰਾਂ ਦੀਆਂ ਮੀਟਿੰਗਾਂ ਹੋ ਰਹੀਆਂ ਹਨ। ਪੰਜਾਬ ਚੋਣਾਂ ਤੋਂ ਪਹਿਲਾਂ ਸੱਤ ਰਾਜ ਸਭਾ ਮੈਂਬਰ ਈ ਡੀ ਅਤੇ ਹੋਰ ਏਜੰਸੀਆਂ ਦਾ ਡਰ ਪਾ ਕੇ ਆਪਣੇ ਨਾਲ ਭਾਜਪਾ ਨੇ ਜੋੜ ਲਏ ਹਨ। ਹੋਰ ਪਾਰਟੀਆਂ ਵਿੱਚੋਂ ਵੱਡੇ ਨੇਤਾ ਆਪਣੀ ਪਾਰਟੀ ਵਿੱਚ ਸ਼ਾਮਲ ਕੀਤੇ ਜਾਣ ਲਈ ਯਤਨ ਆਰੰਭੇ ਜਾ ਚੁੱਕੇ ਹਨ। ਇਥੋਂ ਤੱਕ ਕਿ ਸੋਸ਼ਲ ਮੀਡੀਆ, ਟੀ ਵੀ ਚੈਨਲਾਂ ਉੱਤੇ ਭਾਜਪਾ ਸਰਗਰਮੀ ਵਧਾ ਦਿੱਤੀ ਗਈ ਹੈ। ਵਿਕਾਸ ਯੋਜਨਾਵਾਂ ਦੇ ਨੀਹ ਪੱਥਰ ਰੱਖੇ ਜਾਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੂੰ ਬਦਨਾਮ ਕਰਨ ਲਈ ਸਰਗਰਮੀਆਂ ਸਿਖ਼ਰਾਂ 'ਤੇ ਹਨ। ਇਥੋਂ ਤੱਕ ਕਿ ਪਹਿਲੀ ਮਈ ਦੇ ਵਿਧਾਨ ਸਭਾ ਸੈਸ਼ਨ ਦੌਰਾਨ ਬਰਾਬਰ ਭਾਜਪਾ ਨੇ ਵਿਧਾਨ ਸਭਾ ਦੇ ਬਾਹਰ ਸੈਸ਼ਨ ਚਲਾਇਆ। ਸੂਬੇ 'ਚ ਬੇਰੁਜ਼ਗਾਰੀ, ਨਸ਼ਿਆਂ ਦੇ ਪ੍ਰਕੋਪ, ਕਾਨੂੰਨ ਵਿਵਸਥਾ ਸੰਬੰਧੀ ਵੱਡੇ ਸਵਾਲ ਚੁੱਕੇ।

ਭਾਜਪਾ ਆਪਣੀ ਚੋਣ ਮਸ਼ੀਨਰੀ ਰਾਹੀਂ ਡਾਟਾ ਇਕੱਠਾ ਕਰਦੀ ਹੈ, ਸੰਗਠਨ ਰਾਹੀਂ ਕੰਮ ਕਰਦੀ ਹੈ, ਚੋਣ ਜਿੱਤਣ ਲਈ ਰਣਨੀਤੀ ਬਣਾਉਂਦੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਰਦੀ ਹੈ। ਚੋਣ ਮੈਨੇਜਮੈਂਟ ਕਰਦੀ ਹੈ। ਫੰਡ ਇਕੱਠੇ ਕਰਦੀ ਹੈ ਅਤੇ ਪੂਰੇ ਜੋਸ਼ ਨਾਲ ਜਿੱਤ ਵੱਲ ਵਧਦੀ ਹੈ ਅਤੇ ਇਸ ਕੰਮ ਲਈ ਸਾਮ, ਦਾਮ, ਦੰਡ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਉਂਝ ਵੀ ਭਾਜਪਾ ਦਾ ਕੰਮ ਕਰਨ ਦਾ ਤਰੀਕਾ ਚਾਣਕਿਆ ਵਾਲਾ ਹੈ। ਉਸਨੇ ਇਹਨਾਂ ਪੱਛਮੀ ਬੰਗਾਲ ਅਤੇ ਚਾਰ ਹੋਰ ਰਾਜਾਂ ਦੀਆਂ ਚੋਣਾਂ ਜਿੱਤਣ ਲਈ ਲੋਕ ਸਭਾ ਦਾ ਸਪੈਸ਼ਲ ਅਜਲਾਸ ਬੁਲਾਇਆ। ਪਰਸੀਮਨ (ਹਲਕਾਬੰਦੀ) ਮਤਾ ਪਾਸ ਕਰਵਾਉਣ ਲਈ ਨਾਰੀ ਸੰਸ਼ੋਧਨ ਬਿੱਲ ਪਾਰਲੀਮੈਂਟ 'ਚ ਲਿਆਉਣ ਦੀ ਚਾਲ ਚੱਲੀ। ਪਾਸ ਨਾ ਹੋਣ ਦੀ ਸੂਰਤ 'ਚ ਵਿਰੋਧੀ ਧਿਰ ਉੱਤੇ ਨਾਰੀ ਵਿਰੋਧੀ ਹੋਣ ਦਾ ਚੋਣ ਪ੍ਰਚਾਰ ਕੀਤਾ। ਹਾਲਾਂਕਿ ਪੱਛਮੀ ਬੰਗਾਲ ਵਿੱਚ ਨਾਰੀ ਮੁੱਖ ਮੰਤਰੀ ਹੈ ਅਤੇ ਭਾਜਪਾ ਦੀਆਂ 19 ਸੂਬਾ ਸਰਕਾਰਾਂ ਦੀ ਕੋਈ ਵੀ ਮੁੱਖ ਮੰਤਰੀ ਨਾਰੀ ਨਹੀਂ, ਹਾਂ, ਅੱਧੀ-ਅਧੂਰੀ ਸਟੇਟ ਦਿੱਲੀ ਦੀ ਮੁੱਖ ਮੰਤਰੀ ਜ਼ਰੂਰ ਨਾਰੀ ਬਣਾਈ ਹੋਈ ਹੈ।

ਇਹਨਾਂ ਚੋਣਾਂ ਦੌਰਾਨ 'ਇੱਕ ਦੇਸ਼, ਇਕ ਚੋਣ' ਖੇਡਣ ਦਾ ਭਾਜਪਾ ਯਤਨ ਕਰ ਰਹੀ ਹੈ। ਹਾਲਾਂਕਿ ਮਨ ਤੋਂ ਭਾਜਪਾ ਕਦੇ ਵੀ ਇਸ ਬਿੱਲ ਨੂੰ ਪਾਸ ਨਹੀਂ ਹੋਣ ਦੇਵੇਗੀ, ਜਿਸ ਨੂੰ ਪਾਸ ਕਰਵਾਉਣ ਲਈ ਦੋ ਤਿਹਾਈ ਬਹੁਮਤ ਚਾਹੀਦਾ ਹੈ, ਕਿਉਂਕਿ ਭਾਜਪਾ ਨੂੰ ਨਿੱਤ ਚੋਣ ਸੰਗਰਾਮ ਲੋੜੀਂਦਾ ਹੈ, ਜਿਸ ਨਾਲ ਉਹ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਨੀਤੀਗਤ ਫ਼ੈਸਲੇ, ਜਿਸ ਵਿੱਚ ਭਾਰਤੀ ਸੰਵਿਧਾਨ ਨੂੰ ਮੁੜ ਲਿਖੇ ਜਾਣ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਨੂੰ ਲਾਗੂ ਕਰਨਾ ਸ਼ਾਮਿਲ ਹੈ, ਵੱਲ ਲੋਕਾਂ ਦਾ ਧਿਆਨ ਖਿੱਚਦੀ ਰਹੇ। ਜੇਕਰ ਸੱਚਮੁੱਚ ਇਹ ਸੋਧ, ਜਿਸ ਵਿੱਚ ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਇੱਕੋ ਵੇਲੇ ਕਰਨਾ ਅਤੇ ਉਸ ਦੇ 100 ਦਿਨਾਂ ਦੇ ਅੰਦਰ ਪੰਚਾਇਤਾਂ ਅਤੇ ਨਗਰ ਪਾਲਿਕਾ ਦੀਆਂ ਚੋਣਾਂ ਕਰਵਾਉਣਾ ਸ਼ਾਮਿਲ ਹੈ, ਤਾਂ ਉਹ ਮਾਮਲੇ ਨੂੰ ਲਟਕਾਉਂਦੀ ਨਾ। ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਮਾਰਚ 2024 ਵਿੱਚ ਇਸ ਸਬੰਧੀ ਇੱਕ ਰਿਪੋਰਟ ਪੇਸ਼ ਕੀਤੀ ਅਤੇ ਸੰਵਿਧਾਨ ਦੀ ਧਾਰਾ 82-ਏ ਅਤੇ 324-ਏ ਵਿੱਚ ਤਰਮੀਮ ਦਾ ਸੁਝਾਅ ਦਿੱਤਾ, ਪਰ ਇਹ ਸੁਝਾਅ ਹਾਲੇ ਤੱਕ ਪਰਵਾਨ ਨਹੀਂ ਹੋਇਆ, ਕਿਉਂਕਿ ਇਹ ਭਾਜਪਾ ਨੂੰ ਰਾਸ ਨਹੀਂ ਆਉਂਦਾ, ਜਦਕਿ ਵਿਰੋਧੀ ਧਿਰ ਕਾਂਗਰਸ ਇਸ ਨੂੰ ਕੇਂਦਰੀਕਰਨ ਦੀ ਰਣਨੀਤੀ ਦੱਸਦੀ ਹੈ।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਲਗਾਤਾਰ ਚੋਣ ਪ੍ਰਚਾਰ ਅਤੇ ਉਹ ਵੀ ਹਰ ਦਿਨ-ਹਰ ਰਾਤ, ਹਰ ਮਹੀਨੇ ਲਗਾਤਾਰ ਲੋਕ ਹਿੱਤ ਜਾਂ ਦੇਸ਼ ਹਿੱਤ ਵਿੱਚ ਹੈ?

ਕੀ ਇਹ ਲਗਾਤਾਰ ਸਦਾ-ਬਹਾਰ ਚੋਣ ਮੌਸਮ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਨਹੀਂ ਦਿੰਦਾ? ਮੰਤਰੀ ਦੌਰੇ 'ਤੇ ਰਹਿੰਦੇ ਹਨ, ਨੀਤੀਆਂ ਬਣਦੀਆਂ ਨਹੀਂ ਜਾਂ ਬਣੀਆਂ ਨੀਤੀਆਂ ਲਾਗੂ ਨਹੀਂ ਹੁੰਦੀਆਂ। ਇਸ ਦੀ ਕੀਮਤ ਆਮ ਲੋਕਾਂ ਨੂੰ ਤਾਰਨੀ ਪੈਂਦੀ ਹੈ। ਦੂਜੀ ਕੀਮਤ ਵਿਰੋਧੀ ਧਿਰਾਂ ਦੇ ਲੋਕਾਂ ਨੂੰ ਤਾਰਨੀ ਪੈਂਦੀ, ਜਿਸ ਦੇ ਨੇਤਾਵਾਂ ਵਿਰੁੱਧ ਹਾਕਮ ਧਿਰ ਲਗਾਤਾਰ ਈ ਡੀ ਅਤੇ ਹੋਰ ਏਜੰਸੀਆਂ ਤੋਂ ਮੁਕੱਦਮੇ ਦਰਜ ਕਰਵਾਉਂਦੀ ਹੈ। 2014 ਤੋਂ 2025 ਦੇ ਦਰਮਿਆਨ ਈ ਡੀ ਨੇ 121 ਨੇਤਾਵਾਂ ਵਿਰੁੱਧ ਜਾਂਚ ਕੀਤੀ, ਇਹਨਾਂ ਵਿੱਚੋਂ ਸਿਰਫ਼ 11 ਹੀ ਸੱਤਾਧਾਰੀ ਧਿਰ ਦੇ ਸਨ।

ਇੱਥੇ ਇਹ ਗੱਲ ਵੀ ਕਰਨੀ ਬਣਦੀ ਹੈ ਕਿ 2017 ਵਿੱਚ ਜੋ ਚੋਣ ਬਾਂਡ ਜਾਰੀ ਕੀਤੇ ਗਏ, ਉਸ ਵਿੱਚ ਭਾਜਪਾ ਨੂੰ ਸਭ ਤੋਂ ਵੱਧ ਫੰਡ ਮਿਲਿਆ। ਫਰਵਰੀ 2024 ਵਿੱਚ ਸੁਪਰੀਮ ਕੋਰਟ ਨੇ ਇਸ ਨੂੰ ਗ਼ੈਰ-ਸੰਵਿਧਾਨਿਕ ਕਿਹਾ, ਪਰ ਇਹ ਗੱਲ ਸਪੱਸ਼ਟ ਹੋਈ ਕਿ ਕੰਪਨੀਆਂ ਨੇ ਜੋ ਚੰਦੇ ਭਾਜਪਾ ਨੂੰ ਦਿੱਤੇ, ਉਸ ਦਾ ਨੀਤੀਗਤ ਫ਼ਾਇਦਾ ਵੀ ਇਹਨਾਂ ਕੰਪਨੀਆਂ ਨੇ ਹੀ ਚੁੱਕਿਆ।

ਭਾਰਤ ਦੀ ਭਾਜਪਾ ਹੀ ਨਹੀਂ, ਸੂਬੇ ਵਿਚਲੀਆਂ ਵਿਰੋਧੀ ਧਿਰਾਂ (ਜਿੱਥੇ ਉਹ ਹਾਕਮ ਹਨ) ਵੀ ਇਸੇ ਰਾਹ ਉੱਤੇ ਹਨ, ਭਾਵ ਜਿੱਥੇ ਉਹਨਾਂ ਦੀਆਂ ਸਰਕਾਰਾਂ ਕਾਬਜ਼ ਹਨ।

ਜੇਕਰ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਬਰਤਾਨੀਆ 'ਚ ਸਿਰਫ਼ 25 ਦਿਨ, ਜਪਾਨ 'ਚ 12 ਦਿਨ, ਕੈਨੇਡਾ 'ਚ ਵੱਧ ਤੋਂ ਵੱਧ 78 ਦਿਨ ਅਤੇ ਮੈਕਸੀਕੋ ਵਿੱਚ 147 ਦਿਨਾਂ ਦੀ ਚੋਣ ਪ੍ਰਚਾਰ ਕਾਨੂੰਨੀ ਸੀਮਾ ਹੈ। ਬਾਕੀ ਸਮਾਂ ਸ਼ਾਸਨ ਕਰਨ ਲਈ ਹੈ, ਪਰ ਭਾਰਤ 'ਚ ਤਾਂ ਕੋਈ ਸੀਮਾ ਹੀ ਨਹੀਂ, ਇਸ ਲਈ ਮੌਸਮੀ, ਬੇ-ਮੌਸਮੀ ਚੋਣ ਪ੍ਰਚਾਰ ਨਿਰੰਤਰ ਜਾਰੀ ਰਹਿੰਦਾ ਹੈ।

ਭਾਰਤ ਵਿੱਚ ਸਿਆਸੀ ਆਦਰਸ਼ ਦਾ ਪਤਨ ਇੱਕ ਸਥਾਪਤ ਪ੍ਰਵਿਰਤੀ ਬਣ ਚੁੱਕਾ ਹੈ, ਜਿਸ ਵਿੱਚ ਚੋਣਾਂ ਤੇ ਕੇਂਦਰੀ ਸਿਆਸਤ ਅਤੇ ਸ਼ਾਸਨ ਦੇ ਵਿਚਲਾ ਸੰਤੁਲਨ ਇੱਕ ਵੱਡਾ ਕਾਰਨ ਹੈ।

ਲੋਕਤੰਤਰ ਵਿੱਚ ਚੋਣਾਂ ਇੱਕ ਸਾਧਨ ਹਨ, ਪਰ ਜਦੋਂ ਇਹ ਸਾਧਨ ਹੀ ਸਭ ਕੁਝ ਬਣ ਜਾਵੇ ਤਾਂ ਸਾਧ (ਲੋਕ ਭਲਾਈ) ਗੁਆਚ ਜਾਂਦਾ ਹੈ।

ਜੇਕਰ ਚੋਣਾਂ ਦਾ ਮਕਸਦ ਸਿਰਫ਼ ਸੱਤਾ ਹਾਸਲ ਕਰਨਾ ਅਤੇ ਵਿਰੋਧੀਆਂ ਨੂੰ ਪਛਾੜਨਾ ਰਹਿ ਜਾਵੇ ਤਾਂ ਇਹ ਲੋਕਤੰਤਰ ਨਹੀਂ ਸਗੋਂ ਕੇਵਲ ਇੱਕ ਚੋਣਤੰਤਰ ਬਣ ਕੇ ਰਹਿ ਜਾਂਦਾ ਹੈ।

# ਸੰਪਰਕ : 98158-02070

# ਬੀਜ ਬਿੱਲ 2025 ਕਿਸਾਨਾਂ ਲਈ ਬਹੁਤ ਘਾਤਕ

ਪਿਰਥੀਪਾਲ ਸਿੰਘ ਮਾੜੀਮੇਘਾ

ਬੀਜ ਬਿੱਲ 2025 ਦਾ ਖਰੜਾ ਬੀ ਜੇ ਪੀ ਦੀ ਅਗਵਾਈ ਵਾਲੀ ਹਿੰਦੁਸਤਾਨ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜਾਰੀ ਕੀਤਾ ਗਿਆ। ਇਸ ਖਰੜੇ 'ਤੇ ਜਨਤਾ ਤੋਂ 11 ਦਸੰਬਰ 2025 ਤੱਕ ਸੁਝਾਅ ਮੰਗੇ ਗਏ ਸਨ। ਨਵਾਂ ਬੀਜ ਬਿੱਲ ਪੁਰਾਣੇ ਬੀਜ ਬਿੱਲਾਂ ਦੀ ਥਾਂ ਲੈਣ ਲਈ ਬਣਾਇਆ ਜਾ ਰਿਹਾ ਹੈ। ਖੇਤੀ ਦੇ ਕਾਰਜ ਵਿੱਚ ਸੁਧਾਰ ਲਿਆਉਣ ਅਤੇ ਜ਼ਮੀਨ 'ਚੋਂ ਵੱਧ ਫਸਲ ਪੈਦਾ ਕਰਨ ਵਾਸਤੇ ਪਹਿਲਾ ਬੀਜ ਐਕਟ 1966 ਬਣਿਆ ਸੀ। ਇਸ ਕਾਨੂੰਨ ਵਿੱਚ ਸੋਧ ਕਰਕੇ ਬੀਜ ਆਰਡਰ ਕਾਨੂੰਨ 1983 ਬਣਾਇਆ ਗਿਆ। ਦੋਵੇਂ ਕਾਨੂੰਨਾਂ ਵਿੱਚ ਬੀਜ ਸੋਧਾਂ ਦੇ ਨਾਲ-ਨਾਲ ਕਿਸਾਨਾਂ ਦੀਆਂ ਸਹੂਲਤਾਂ ਦਾ ਵੀ ਧਿਆਨ ਰੱਖਿਆ ਗਿਆ, ਕਿਉਂਕਿ ਇਨ੍ਹਾਂ ਕਾਨੂੰਨਾਂ ਅਨੁਸਾਰ ਕਿਸਾਨ ਨੂੰ ਆਪਣੀ ਫ਼ਸਲ ਦਾ ਬੀਜ ਰੱਖਣ ਦਾ ਹੱਕ ਸੀ। ਨਵੇਂ ਬੀਜ ਦੇ ਬਿੱਲ ਬਾਰੇ ਚਰਚਾ ਇਹ ਹੈ ਕਿ ਕਿਸਾਨ ਆਪਣੀ ਫਸਲ ਦਾ ਬੀਜ ਨਹੀਂ ਰੱਖ ਸਕਦੇ।

ਪਹਿਲਾਂ ਹੀ ਵਿਸ਼ਵ ਵਪਾਰ ਸੰਗਠਨ ਦੀਆਂ ਸੰਸਾਰੀਕਰਨ ਨੀਤੀਆਂ ਨੇ ਕਿਸਾਨਾਂ ਨੂੰ ਕਰਜ਼ੇ ਦੇ ਭਾਰ ਥੱਲੇ ਦੱਬਿਆ ਹੋਇਆ ਹੈ। ਬੀ ਜੇ ਪੀ ਹਕੂਮਤ ਨੇ 2020 ਵਿੱਚ ਕਿਸਾਨਾਂ ਨੂੰ ਜ਼ਮੀਨ ਤੋਂ ਉਜਾੜਨ ਅਤੇ ਜ਼ਮੀਨਾਂ 'ਤੇ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਵਾਸਤੇ ਤਿੰਨ ਖੇਤੀਬਾੜੀ ਕਾਨੂੰਨ ਲੈ ਆਂਦੇ। ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਇੱਕ ਸਾਲ ਤੋਂ ਉੱਪਰ ਦਿਨ-ਰਾਤ ਸੰਘਰਸ਼ ਕੀਤਾ ਤੇ ਫਿਰ ਕਾਨੂੰਨ ਵਾਪਸ ਹੋਏ। ਕੇਂਦਰ ਸਰਕਾਰ ਨੇ ਅਨਾਜ ਮੰਡੀਆਂ ਖ਼ਤਮ ਕਰਨ ਵਾਸਤੇ ਖਰੜਾ ਭੇਜਿਆ, ਉਹ ਵੀ ਕਿਸਾਨਾਂ ਦੇ ਵਿਰੋਧ ਕਰਕੇ ਰੁਕਿਆ। ਪੰਜਾਬ ਸਰਕਾਰ ਨੇ ਪੰਜਾਬ ਦੇ ਵੱਡੇ ਸ਼ਹਿਰਾਂ ਦੁਆਲੇ ਕਾਲੋਨੀਆਂ ਬਣਾਉਣ ਦੇ ਬਹਾਨੇ ਕਿਸਾਨਾਂ ਕੋਲੋਂ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਕੀਤੀ ਅਤੇ ਕਿਸਾਨਾਂ ਤੇ ਆਮ ਲੋਕਾਂ ਦੇ ਕਰੜੇ ਵਿਰੋਧ ਕਾਰਨ ਸਰਕਾਰ ਨੂੰ ਪਿੱਛੇ ਮੁੜਨਾ ਪਿਆ।

ਬੀਜ ਐਕਟ 1966 ਬਾਰੇ ਸਰਕਾਰ ਇਹ ਕਹਿ ਰਹੀ ਹੈ ਕਿ ਇਸ ਕਾਨੂੰਨ ਅਨੁਸਾਰ ਬੀਜਾਂ ਦੇ ਮਾਮਲੇ ਵਿੱਚ ਨਵੀਂ ਤਕਨਾਲੋਜੀ ਤੱਕ ਪਹੁੰਚਿਆ ਨਹੀਂ ਜਾ ਸਕਦਾ ਅਤੇ ਬੀਜ ਮਾਰਕੀਟਿੰਗ 'ਚ ਜਿਹੜੀਆਂ ਨਵੀਆਂ ਚੁਣੌਤੀਆਂ ਹਨ, ਨਾ ਹੀ ਉਹ ਹੱਲ ਹੋ ਸਕਦੀਆਂ ਹਨ। ਜਿਹੜੇ ਕੰਪਨੀਆਂ ਵਾਲੇ ਫਸਲਾਂ ਦੇ ਬੀਜਾਂ ਵਿੱਚ ਹੇਰਾਫੇਰੀ ਕਰਦੇ ਹਨ, ਉਨ੍ਹਾਂ ਨੂੰ ਸਜ਼ਾ ਵੀ ਨਾ-ਮਾਤਰ ਹੀ ਦਿੱਤੀ ਜਾ ਸਕਦੀ ਹੈ। ਇਸ ਲਈ ਬੀਜਾਂ ਵਿੱਚ ਹੇਰਾਫੇਰੀ ਕਰਨ ਵਾਲੇ ਅਪਰਾਧੀ ਇਸ ਕਾਨੂੰਨ ਤੋਂ ਡਰਦੇ ਨਹੀਂ। ਇਸ ਹਾਲਤ ਵਿੱਚ ਹਿੰਦੁਸਤਾਨ ਵਿੱਚ ਨਕਲੀ ਬੀਜਾਂ ਦਾ ਧੰਦਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਇਸੇ ਤਰ੍ਹਾਂ ਦਾ ਹੀ ਬੀਜ ਕੰਟਰੋਲ ਬੋਰਡ 1983 ਹੈ।

ਭਾਰਤ ਸਰਕਾਰ ਬੀਜ ਬਿੱਲ 2025 ਅਨੁਸਾਰ ਦਾਅਵਾ ਕਰਦੀ ਹੈ ਕਿ ਬੀਜਾਂ ਨਾਲ ਜੁੜੇ ਇੰਤਜ਼ਾਮ ਨੂੰ ਨਵਾਂ ਰੂਪ ਦਿੱਤਾ ਜਾਵੇਗਾ। ਇਸ ਬਿੱਲ ਦਾ ਮੁੱਖ ਉਦੇਸ਼ ਬੀਜਾਂ ਦੀ ਕੁਆਲਟੀ ਉਤੇ ਕੰਟਰੋਲ ਕਰਨਾ ਅਤੇ ਕਿਸਾਨਾਂ ਨੂੰ ਬੀਜ ਵਧੀਆ ਤੇ ਉੱਚੀ ਕੁਆਲਟੀ ਵਾਲੇ ਉਪਲੱਬਧ ਕਰਵਾਉਣਾ ਹੈ। ਮਾਰਕੀਟ ਵਿੱਚ ਹੋ ਰਹੇ ਨਕਲੀ ਬੀਜਾਂ ਦੇ ਕਾਲੇ ਧੰਦੇ ਨੂੰ ਰੋਕਣਾ। ਨਕਲੀ ਧੰਦਾ ਰੁਕਣ ਨਾਲ ਹੀ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਬਚ ਸਕਦਾ ਹੈ। ਸਰਕਾਰ ਤਾਂ ਇਹ ਵੀ ਆਖਦੀ ਹੈ ਕਿ ਇਹ ਡਰਾਫਟ ਸੀਡਜ ਬਿੱਲ ਦੇ ਮੁਤਾਬਕ ਮਾੜੇ ਬੀਜ ਵੇਚਣ 'ਤੇ ਕੰਪਨੀ ਦੀ ਜਵਾਬਦੇਹੀ ਵਧੇਗੀ।

ਹਕੀਕਤ ਇਹ ਹੈ ਕਿ ਕਿਸਾਨ ਪੁਰਾਣੇ ਸਮਿਆਂ ਤੋਂ ਬੀਜ ਆਪਣੀ ਫਸਲ ਤੋਂ ਰੱਖਦਾ ਆ ਰਿਹਾ ਹੈ। ਇੱਥੋਂ ਤੱਕ ਕਿ ਕਿਸਾਨ ਬੀਜ ਰੱਖਣ ਲਈ ਪੱਕੀ ਫਸਲ 'ਚੋਂ ਆਪਣੀ ਮਰਜ਼ੀ ਨਾਲ ਵੱਡੇ ਤੇ ਤੰਦਰੁਸਤ ਸਿੱਟਿਆਂ 'ਚੋਂ ਦਾਣੇ ਗਿਣਦਾ ਅਤੇ ਨਾਲ ਹੀ ਇਹ ਵੇਖਦਾ ਕਿ ਕਿਹੜੇ ਸਿੱਟੇ ਵਿੱਚ ਦਾਣੇ ਮੋਟੇ ਤੇ ਬਿਮਾਰੀ ਤੋਂ ਰਹਿਤ ਹਨ। ਫਿਰ ਉਹ ਸਿੱਟੇ ਦਾਤਰੀ ਨਾਲ ਵੱਢ ਕੇ ਚੰਗੀ ਤਰ੍ਹਾਂ ਸੁਕਾਉਂਦਾ ਤੇ ਦਾਣੇ ਬਣਾ ਕੇ ਬੀਜ ਰੱਖ ਲੈਂਦਾ ਸੀ। ਹੁਣ ਹਾਈਬ੍ਰਿਡ ਬੀਜਾਂ ਅੰਦਰ ਕੰਪਨੀਆਂ ਨੇ ਜੈਨਟਿਕ ਤਬਦੀਲੀਆਂ ਹੀ ਅਜਿਹੇ ਢੰਗ ਨਾਲ ਕੀਤੀਆਂ ਹੁੰਦੀਆਂ ਹਨ ਕਿ ਕਿਸਾਨ ਨੂੰ ਆਪਣੀ ਫਸਲ ਦਾ ਬੀਜ ਬਣਾਉਣਾ ਔਖਾ ਹੋ ਜਾਂਦਾ। ਇਸ ਹਾਲਤ ਵਿੱਚ ਕਿਸਾਨ ਨੂੰ ਮੁੜ ਕੰਪਨੀ ਕੋਲੋਂ ਬੀਜ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ।

ਦੂਜੇ ਪਾਸੇ ਕਿਸਾਨਾਂ ਦਾ ਵੱਡਾ ਹਿੱਸਾ ਬੀਜ ਬਿੱਲ 2025 ਦੀ ਸਖਤ ਵਿਰੋਧਤਾ ਕਰ ਰਿਹਾ ਹੈ। ਜਾਣਕਾਰੀ ਲਈ ਸਾਰੀ ਦੁਨੀਆ ਵਿੱਚ ਬੀਜ ਵਪਾਰ ਵਿੱਚ ਚਾਰ ਕੰਪਨੀਆਂ ਦਾ ਕਰੀਬ 56 ਫੀਸਦੀ 'ਤੇ ਕਬਜ਼ਾ ਹੈ। ਬਾਇਅਰ ਕੰਪਨੀ ਕੋਲ 23 ਫੀਸਦੀ, ਕੋਲਟੇਵਾ ਕੋਲ 19 ਫੀਸਦੀ, ਸਿੰਜੇਟਾ ਕੋਲ 10 ਫੀਸਦੀ ਅਤੇ ਬੀ ਏ ਐੱਸ ਐੱਫ ਕੋਲ 4 ਫੀਸਦੀ ਹੈ। ਭਾਰਤ ਵਿੱਚ ਬੀਜ ਵਪਾਰ ਵਿੱਚ ਪ੍ਰਾਈਵੇਟ ਕੰਪਨੀਆਂ ਕੋਲ 2009-10 ਵਿੱਚ 40 ਫੀਸਦੀ ਹਿੱਸਾ ਸੀ, ਹੁਣ ਇਹ ਸਿੱਧਾ ਵਧ ਕੇ 71 ਫੀਸਦੀ ਹੋ ਗਿਆ ਹੈ। ਇਸੇ ਕਰਕੇ ਹੀ ਕਿਸਾਨ ਇਸ ਬਿੱਲ ਨੂੰ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਆਖ ਰਹੇ ਹਨ। ਕਿਸਾਨਾਂ ਦਾ ਖਦਸ਼ਾ ਹੀ ਨਹੀਂ, ਉਹ ਸਾਫ਼-ਸਾਫ਼ ਕਹਿ ਰਹੇ ਹਨ ਕਿ ਇਹ ਨਵਾਂ ਬੀਜ ਬਿੱਲ ਲਾਗੂ ਹੋਣ ਨਾਲ ਬੀਜ ਉਦਯੋਗ ਉੱਤੇ ਕਾਰਪੋਰੇਟਾਂ ਦਾ ਪੂਰਨ ਕਬਜ਼ਾ ਹੋ ਜਾਵੇਗਾ। ਵੱਡੀਆਂ ਕਾਰਪੋਰੇਸ਼ਨਾਂ ਦੇ ਕਬਜ਼ੇ ਨਾਲ ਬੀਜਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਕੰਪਨੀਆਂ ਨੂੰ ਤਾਂ ਫਾਇਦਾ ਹੋਵੇਗਾ ਤੇ ਪਰ ਕਰਜ਼ੇ ਥੱਲੇ ਦੱਬੇ ਕਿਸਾਨਾਂ 'ਤੇ ਆਰਥਿਕ ਬੋਝ ਹੋਰ ਵਧੇਗਾ ਅਤੇ ਖੇਤੀਬਾੜੀ ਕਾਰੋਬਾਰ ਤੇ ਵੀ ਮਾੜਾ ਅਸਰ ਪਵੇਗਾ। ਕੇਂਦਰ ਨਵਾਂ ਬੀਜ ਬਿੱਲ ਕਾਨੂੰਨ ਬਣਾ ਕੇ ਬੀਜ ਉਦਯੋਗ ਸੰਬੰਧੀ ਸੂਬਾ ਸਰਕਾਰਾਂ ਦੇ ਅਧਿਕਾਰ ਖੋਹ ਲਵੇਗੀ। ਪਹਿਲੇ ਦੋਵੇਂ ਕਾਨੂੰਨ 1966 ਤੇ 1983 ਵਿੱਚ ਖੇਤੀਬਾੜੀ ਦੇ ਕਾਰਜ ਲਈ ਬਹੁਤੇ ਅਧਿਕਾਰ ਸੂਬਿਆਂ ਕੋਲ ਸਨ।

ਜਿਹੜਾ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਹਾਈਬ੍ਰਿਡ ਬੀਜਾਂ ਵਾਲੀ ਫਸਲ ਨੂੰ ਬਿਮਾਰੀਆਂ ਘੱਟ ਲਗਦੀਆਂ ਹਨ। ਤਜਰਬਾ ਇਹ ਹੈ ਕਿ ਹਾਈਬ੍ਰਿਡ ਬੀਜ ਆਉਣ ਨਾਲ ਫਸਲਾਂ 'ਤੇ ਕੀੜਿਆਂ ਦੇ ਹਮਲੇ ਵਧੇ ਹਨ, ਸਗੋਂ ਕੀੜੇ ਵਧੇਰੇ ਸ਼ਕਤੀਸ਼ਾਲੀ ਹੋ ਕੇ ਹਮਲੇ ਕਰ ਰਹੇ ਹਨ। ਸੂਤਰਾਂ ਦਾ ਹਵਾਲਾ ਇਹ ਹੈ ਕਿ ਮੈਕਸੀਕਨ ਕਣਕ ਦੇ ਬੀਜ ਨਾਲ ਸਿੱਟੀ ਆਈ, ਜੋ ਹਾਲੇ ਵੀ ਕਈ ਪੈਲੀਆਂ 'ਚੋਂ ਦਵਾਈ ਨਾਲ ਨਹੀਂ ਮਰਦੀ। ਹਾਈਬ੍ਰਿਡ ਬੀਜਾਂ ਨਾਲ ਜੈਵ-ਵਿਭਿੰਨਤਾ ਵਾਲਾ ਵਾਤਾਵਰਣ ਖ਼ਤਮ ਹੋਣ ਵੱਲ ਵਧ ਰਿਹਾ ਹੈ, ਕਿਉਂਕਿ ਕੀੜਿਆਂ ਦੇ ਖਾਤਮੇ ਨਾਲ ਜੈਵਿਕ ਆਤਮ-ਨਿਰਭਰਤਾ ਨਾਲ ਜਿਊਣ ਦਾ ਸਿਲਸਿਲਾ ਰੁਕ ਜਾਂਦਾ ਹੈ। ਹੁਣ ਕਾਰਪੋਰੇਟ ਬੀ ਟੀ ਫਸਲਾਂ ਦੀ ਪੈਦਾਵਾਰ ਕਰਕੇ ਆਪਣੇ ਮੁਨਾਫੇ ਵਧਾਉਣ ਲਈ ਤਰਲੋਮੱਛੀ ਹੋ ਰਹੇ ਹਨ। ਇਹ ਬੀ ਟੀ ਫਸਲਾਂ ਲੋਕਾਂ ਦੀ ਸਿਹਤ ਲਈ ਨੁਕਸਾਨਦੇਹ ਹਨ।

ਬਿੱਲ 2025 ਦੇ ਖਰੜੇ ਅਨੁਸਾਰ ਹਰੇਕ ਬੀਜ ਵੇਚਣ ਵੱਲੋਂ ਹਰ ਤਰ੍ਹਾਂ ਦੇ ਬੀਜ ਦੀ ਰਜਿਸਟ੍ਰੇਸ਼ਨ ਹੋਵੇਗੀ। ਸੋਚਣ ਵਾਲੀ ਗੱਲ ਇਹ ਹੈ ਕਿ ਇਸ ਨਾਲ ਬੀਜ ਵੇਚਣ ਵਾਲੇ ਛੋਟੇ ਦੁਕਾਨਦਾਰ ਖ਼ਤਮ ਹੋ ਜਾਣਗੇ। ਬਿੱਲ ਜਿਹੜਾ ਇਹ ਕਹਿੰਦਾ ਹੈ ਕਿ ਵਿਦੇਸ਼ਾਂ ਦੀਆਂ ਕੰਪਨੀਆਂ ਕੋਲੋਂ ਵੀ ਟਰਾਇਲ ਵਾਸਤੇ ਬੀਜ ਮੰਗਵਾਇਆ ਜਾ ਸਕਦਾ ਹੈ, ਇਸ ਦਾ ਮਤਲਬ ਸਾਫ ਹੈ ਕਿ ਕੇਂਦਰ ਸਰਕਾਰ ਵੱਡੀਆਂ ਕੰਪਨੀਆਂ ਨੂੰ ਫਾਇਦੇ ਦੇਣ ਦੀ ਤਿਆਰੀ ਕਰ ਰਹੀ ਹੈ। ਭਾਵੇਂ ਬਿੱਲ ਇਹ ਵੀ ਕਹਿੰਦਾ ਹੈ ਕਿ ਕੰਪਨੀ ਦੇ ਬੀਜ ਨਾਲ ਕਿਸਾਨ ਦਾ ਜੋ ਨੁਕਸਾਨ ਹੋਵੇਗਾ, ਕੰਪਨੀ ਉਸ ਦੀ ਭਰਪਾਈ ਕਰੇਗੀ, ਜਦੋਂ ਕਿ ਬਿੱਲ ਭਰਪਾਈ ਦੀ ਗਾਰੰਟੀ ਨਹੀਂ ਦਿੰਦਾ।

# ਸੰਪਰਕ: 98760-78731

ਬਰਸੀ 'ਤੇ ਵਿਸ਼ੇਸ਼

# 'ਸੱਚ ਦਾ ਹੋਕਾ' ਵੀ ਹੈ ਸ਼ਿਵ ਦਾ ਕਾਵਿ

ਪ੍ਰੋ.ਪਰਮਜੀਤ ਸਿੰਘ

ਪੰਜਾਬੀ ਦੇ ਸਿਰਮੌਰ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੂੰ ਬਹੁਤੀ ਵਾਰ 'ਬਿਰਹਾ ਦਾ ਸੁਲਤਾਨ' ਆਖ਼ ਕੇ ਕੇਵਲ ਤੇ ਕੇਵਲ ਮੁਹੱਬਤੀ ਵਿਛੋੜੇ ਵਿਚ ਮਿਲੇ ਦਰਦਾਂ ਦਾ, ਤੜਪ ਦਾ ਤੇ ਹਿਜ਼ਰ ਦਾ ਸ਼ਾਇਰ ਬਣਾ ਦਿੱਤਾ ਜਾਂਦਾ ਹੈ, ਪਰ ਇਹ ਪ੍ਰਵਿਰਤੀ ਸ਼ਿਵ ਦੀ ਬਹੁਪੱਖੀ ਸ਼ਖ਼ਸੀਅਤ ਤੇ ਉਸ ਦੇ ਰਚੇ ਸਮੁੱਚੇ ਕਾਵਿ ਨਾਲ ਇਕ ਤਰ੍ਹਾਂ ਦੀ ਜ਼ਿਆਦਤੀ ਹੀ ਜਾਪਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਿਵ ਨੂੰ ਅੱਲ੍ਹੜ ਉਮਰੇ ਹੀ ਇਸ਼ਕੇ ਦਾ ਫ਼ਨੀਅਰ ਨਾਗ ਡਸ ਗਿਆ ਸੀ ਤੇ ਉਸ ਨਾਗ ਦਾ ਦਿੱਤਾ ਹਿਜ਼ਰ ਰੂਪੀ ਜ਼ਹਿਰ ਉਸ ਨੇ ਆਪਣੇ ਅੰਦਰੋਂ ਕੱਢ ਕੇ ਕਦੇ ਵੀ ਬਾਹਰ ਨਹੀਂ ਸੀ ਸੁੱਟਿਆ। ਉਸ ਨੇ ਉਸ ਜ਼ਹਿਰ ਨੂੰ ਆਪਣੇ ਹੀ ਅੰਦਰ ਪਾਲ ਲਿਆ ਸੀ ਤੇ ਆਪਣੀ ਉਮਰ ਦਾ ਇਕ-ਇਕ ਸਾਹ ਛੇਤੀ ਤੋਂ ਛੇਤੀ ਉਸ ਜ਼ਹਿਰ ਦੀ ਭੇਟ ਚੜ੍ਹਾ ਕੇ ਉਹ ਨਿੱਕੀ ਉਮਰੇ ਹੀ ਯੁਗਾਂ ਦਾ ਕੰਮ ਮੁਕਾ ਕੇ ਇਸ ਜਹਾਨ ਤੋਂ ਟੁਰ ਗਿਆ ਸੀ। ਸ਼ਿਵ ਦੇ ਕਾਵਿ ਵਿਚ ਇਸ਼ਕ ਤੇ ਬਿਰਹਾ ਤੋਂ ਇਲਾਵਾ ਸਮਿਆਂ ਦਾ ਸੱਚ ਵੀ ਹੈ। ਉਸ ਦੇ ਕਾਵਿ ਵਿੱਚੋਂ ਅਮੀਰ ਪੰਜਾਬੀ ਵਿਰਸੇ, ਸੱਭਿਆਚਾਰ ਤੇ ਭਾਸ਼ਾ ਦੀ ਸਾਖਿਆਤ ਝਲਕ ਵੀ ਪ੍ਰਤੱਖ ਵਿਖਾਈ ਦਿੰਦੀ ਹੈ।

23 ਜੁਲਾਈ,1936 ਨੂੰ ਪਿੰਡ ਲੋਹਟੀਆਂ ਵਿਖੇ ਜਨਮੇ ਸ਼ਿਵ ਦੀ ਮਹਾਂਕਾਵਿ ਕਹੇ ਜਾਣ ਵਾਲੀ ਰਚਨਾ 'ਲੂਣਾ' ਇਕ ਇਤਿਹਾਸਕ ਸੱਚ ਬਿਆਨ ਕਰਦੀ ਰਚਨਾ ਹੈ। ਉਸ ਨੇ ਪ੍ਰਚੱਲਤ ਸੋਚ ਅਤੇ ਵਿਚਾਰਧਾਰਾ ਅਨੁਸਾਰ ਲੂਣਾ ਦਾ ਕਿਰਦਾਰ ਪੇਸ਼ ਕਰਨ ਦੀ ਥਾਂ ਲੂਣਾ ਨਾਲ ਸਮਾਜ ਵੱਲੋਂ ਕੀਤੀ ਬੇਇਨਸਾਫ਼ੀ ਖ਼ਿਲਾਫ਼ ਬੜੇ ਕਠੋਰ ਸ਼ਬਦਾਂ ਵਿਚ ਆਖਿਆ ਸੀ :

*ਪਿਤਾ ਜੇ ਧੀ ਦਾ ਰੂਪ ਹੰਢਾਵੇ,*
*ਲੋਕਾ ਵੇ! ਤੈਨੂੰ ਲਾਜ ਆਵੇ।*
*ਜੇ ਲੂਣਾ ਪੂਰਨ ਨੂੰ ਚਾਹਵੇ,*
*ਚਰਿੱਤਰਹੀਣ ਕਵ੍ਹੇ ਕਿਉਂ ਜੀਭ ਜਹਾਨ ਦੀ।*

ਲੂਣਾ ਦੇ ਸੰਦਰਭ ਵਿਚ ਸ਼ਿਵ ਲੂਣਾ ਦੇ ਬਾਬਲ ਨੂੰ 'ਧਰਮੀ' ਦੀ ਥਾਂ 'ਪਾਪੀ' ਗਰਦਾਨਣ ਵਿਚ ਵੀ ਕੰਜੂਸੀ ਨਹੀਂ ਵਰਤਦਾ ਹੈ। ਉਹ ਲਿਖਦਾ ਹੈ :

*ਧਰਮੀ ਬਾਬਲ ਪਾਪ ਕਮਾਇਆ,*



*ਲੜ ਲਾਇਆ ਸਾਡੇ ਫੁੱਲ ਕੁਮਲਾਇਆ*
*ਜਿਸ ਦਾ ਇੱਛਰਾਂ ਰੂਪ ਹੰਢਾਇਆ,*
*ਮੈਂ ਪੂਰਨ ਦੀ ਮਾਂ, ਪੂਰਨ ਦੇ ਹਾਣ ਦੀ।*

ਇਸੇ ਤਰ੍ਹਾਂ ਆਪਣੀ ਇਕ ਹੋਰ ਅਮਰ ਕਾਵਿ ਰਚਨਾ 'ਸ਼ੀਸ਼ੋ' ਦੀਆਂ ਅੰਤਲੀਆਂ ਸਤਰਾਂ ਵਿਚ ਸ਼ਿਵ ਕਿਸੇ ਗ਼ਰੀਬ ਦੇ ਘਰ ਧੀ ਨਾ ਜੰਮਣ ਦੀ ਦੁਆ ਕਰਦਿਆਂ ਬੜੀ ਹੀ ਬੇਬਾਕੀ ਨਾਲ ਆਖ਼ਦਾ ਹੈ :

*ਸ਼ਾਲਾ ਬਾਂਝ ਮਰੀਵਣ ਮਾਪੇ,*
*ਢਿੱਡੋਂ ਭੁੱਖੇ ਭਾਣੇ।*
*ਉਸ ਘਰ ਜੰਮੇ ਨਾ ਕੋਈ ਸ਼ੀਸ਼ੋ,*
*ਜਿਸ ਘਰ ਹੋਣ ਨਾ ਦਾਣੇ।*

ਸ਼ਿਵ ਦੀ ਵਿਲੱਖਣ ਸ਼ੈਲੀ-ਸ਼ਬਦਾਵਲੀ ਬਾਰੇ ਅਜ਼ੀਮ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੇ ਬੜਾ ਹੀ ਖ਼ੂਬਸੂਰਤ ਤੇ ਭਾਵਪੂਰਤ ਲਿਖਿਆ ਸੀ ,'ਸ਼ਿਵ ਦੀ ਕਲਮ ਵਿਚ ਰੁੱਖ-ਬੂਟੇ ਪੰਜਾਬ ਦੇ,ਰਸਮਾਂ-ਰਵਾਇਤਾਂ ਪੰਜਾਬ ਦੀਆਂ, ਸੱਭਿਅਤਾ, ਸੰਸਕਾਰ ਪੰਜਾਬ ਦੇ ਪਰ ਦਰਦ ਦੁਨੀਆਂ ਦਾ ਸਾਂਝਾ।' ਦਰਦ ਦੇ ਪਿੰਡੇ ਨੂੰ ਸ਼ਿਵ ਨੇ ਕਿਸੇ ਵੀ ਤੁਲਨਾ-ਬਿਆਨ ਦੀ ਪੁਸ਼ਾਕ ਨਹੀਂ ਦਿੱਤੀ,ਜਿਹੜੀ ਪਹਿਲਾਂ ਕਦੀ ਕਿਸੇ ਨੇ ਅੰਗ ਲਾਈ ਹੋਵੇ।

ਇਕ ਆਮ ਆਦਮੀ ਵਾਂਗ ਸ਼ਿਵ ਵੀ ਅਮਨ ਦਾ ਪੁਜਾਰੀ ਸੀ। ਉਹ ਮਜ਼ਹਬਾਂ-ਮੁਲਕਾਂ ਦੀਆਂ ਜੰਗਾਂ ਦੇ ਹੱਕ ਵਿਚ ਬਿਲਕੁਲ ਨਹੀਂ ਸੀ। ਉਹ ਤਾਂ ਚਾਹੁੰਦਾ ਸੀ ਕਿ ਵੱਖ-ਵੱਖ ਮੁਲਕਾਂ ਦਰਮਿਆਨ ਦੁਸ਼ਮਣੀ ਦਾ ਨਹੀਂ, ਸਗੋਂ ਦੋਸਤੀ ਦਾ ਸੰਬੰਧ ਹੋਣਾ ਚਾਹੀਦਾ ਹੈ। ਉਸ ਨੇ ਦੁਨੀਆਂ ਦੇ ਵਿਦਵਾਨਾਂ ਤੇ ਅਦੀਬਾਂ ਨੂੰ ਸਾਰੀਆਂ ਜੰਗਾਂ ਖ਼ਤਮ ਕਰਵਾਉਣ ਦੀ ਅਪੀਲ ਕਰਦਿਆਂ ਕਿਹਾ ਸੀ :-

*ਸੁਣਿਓ ਵੇ ਕਲਮਾਂ ਵਾਲਿਓ*
*ਸੁਣਿਓ ਵੇ ਅਕਲਾਂ ਵਾਲਿਓ*
*ਸੁਣਿਓ ਵੇ ਹੁਨਰਾਂ ਵਾਲਿਓ*
*ਹੈ ਅੱਖ ਚੁਭੀ ਅਮਨ ਦੀ*
*ਆਇਓ ਵੇ ਫੂਕਾਂ ਮਾਰਿਓ।*
*ਇਕ ਦੋਸਤੀ ਦੇ ਜ਼ਖ਼ਮ 'ਤੇ*
*ਸਾਂਝਾਂ ਦਾ ਲੋਗੜ ਬੰਨ੍ਹ ਕੇ*
*ਸਮਿਆਂ ਦੀ ਥੋਹਰ ਪੀੜ ਕੇ*
*ਦੁੱਧਾਂ ਦਾ ਛੱਟਾ ਮਾਰਿਓ।*

ਉਸ ਨੇ ਐਟਮੀ ਹਥਿਆਰਾਂ ਦੇ ਤਾਜਰਾਂ ਭਾਵ ਹਥਿਆਰਾਂ ਅਤੇ ਬਾਰੂਦ ਦਾ ਵਪਾਰ ਕਰਕੇ ਮਨੁੱਖਤਾ ਦੇ ਘਾਣ ਦੀ ਯੋਜਨਾਬੰਦੀ ਕਰਨ ਵਾਲੇ ਮੁਲਕਾਂ ਦੇ ਸ਼ਾਸਕਾਂ ਨੂੰ ਚੇਤਾਵਨੀ ਦਿੰਦਿਆਂ ਲਿਖਿਆ ਸੀ-

*ਓ ਐਟਮਾਂ ਦੇ ਤਾਜਰੋ*
*ਬਾਰੂਦ ਦੇ ਵਣਜਾਰਿਓ*
*ਹੁਣ ਹੋਰ ਨਾ ਮਨੁੱਖ ਸਿਰ*
*ਲਹੂਆਂ ਦਾ ਕਰਜ਼ਾ ਚਾੜ੍ਹਿਓ।*

ਸ਼ਿਵ ਇਹ ਮੰਨਦਾ ਸੀ ਕਿ ਉਸ ਦੇ ਦੇਸ਼ ਦੇ ਲੋਕ ਗ਼ਫ਼ਲਤ ਦੀ ਨੀਂਦੇ ਸੁੱਤੇ ਪਏ ਹਨ ਤੇ ਆਪਣੇ ਇਰਦ-ਗਿਰਦ ਵਾਪਰ ਰਹੀਆਂ ਸਮਾਜਿਕ ਕੁਰੀਤੀਆਂ ਅਤੇ ਬੇਇਨਸਾਫ਼ੀਆਂ ਪ੍ਰਤੀ ਅਵੇਸਲੇ ਹਨ ਤੇ ਉਨ੍ਹਾਂ ਨੂੰ ਹੋਕਾ ਦੇ ਕੇ ਜਗਾਉਣ ਦੀ ਬੜੀ ਭਾਰੀ ਲੋੜ ਹੈ। ਇਸੇ ਪ੍ਰਥਾਇ ਉਸ ਕਿਹਾ ਸੀ-

*ਢੋਲੀਆ ਵੇ ਢੋਲੀਆ*
*ਓ ਮੇਰੇ ਬੇਲੀਆ*
*ਇਕ ਡਗਾ ਢੋਲ 'ਤੇ ਲਾਂਦਾ ਜਾ*
*ਮੇਰਾ ਸੁੱਤੜਾ ਦੇਸ਼ ਜਗਾਂਦਾ ਜਾ।*

ਕਿਰਤੀ ਜਮਾਤ ਦੀ ਬੇਟੀ ਵੱਲੋਂ ਆਪਣੇ ਮਾਪਿਆਂ ਦਾ ਕਿਰਤ ਵਿਚ ਹੱਥ ਵੰਡਾਉਣ ਦਾ ਬੜਾ ਹੀ ਖ਼ੂਬਸੂਰਤ ਦ੍ਰਿਸ਼ ਪੇਸ਼ ਕਰਦਿਆਂ ਉਸ ਨੇ ਕਿਹਾ ਸੀ :-

*ਗੋਰੇ ਹੱਥੀਂ ਦਾਤਰੀ ਨੇ ਪਾਇਆ ਏ ਹਨੇਰ ਨੀ*
*ਵੱਢ-ਵੱਢ ਲਾਈ ਜਾਵੇ ਕਣਕਾਂ ਦੇ ਢੇਰ ਨੀ*
*ਉਹਨੂੰ ਧੁੱਪ ਵਿਚ ਭਖ਼ਦੀ ਵੇਖ਼ ਕੇ*
*ਬੱਦਲਾਂ ਦੇ ਨੈਣ ਭਰੇ*
*ਕਾਲੀ ਦਾਤਰੀ ਚੰਨਣ ਦਾ ਦਸਤਾ*
*ਤੇ ਲੱਛੀ ਕੁੜੀ ਵਾਢੀਆਂ ਕਰੇ।*

ਸ਼ਿਵ ਦੇ ਬੇਹੱਦ ਮਕਬੂਲ ਹੋਏ ਫ਼ਿਲਮੀ ਤੇ ਗ਼ੈਰ-ਫ਼ਿਲਮੀ ਗੀਤਾਂ ਵਿੱਚੋਂ ਕੁਝ ਗੀਤ ਤਾਂ ਐਸੇ ਹਨ, ਜੋ ਝਟਪਟ ਹੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ ਸਨ ਤੇ ਵਰ੍ਹਿਆਂ ਤੱਕ ਟੀ.ਵੀ.,ਰੇਡੀਓ ਅਤੇ ਵੱਖ-ਵੱਖ ਮੰਚਾਂ ਤੋਂ ਪ੍ਰਸਾਰਤ ਕੀਤੇ ਜਾਂਦੇ ਰਹੇ ਸਨ। ਸ਼ਿਵ ਪ੍ਰਕਿਰਤੀ ਦਾ ਅਸੀਮ ਪ੍ਰੇਮੀ ਸੀ। ਉਸ ਦੀਆਂ ਕਾਵਿ ਰਚਨਾਵਾਂ ਵਿੱਚੋਂ ਉਸ ਦੇ ਕੁਦਰਤ ਅਤੇ ਕੁਦਰਤੀ ਨਜ਼ਾਰਿਆਂ ਦੀ ਖ਼ੂਬਸੂਰਤੀ ਪ੍ਰਤੀ ਮੋਹ ਦੇ ਝਲਕਾਰੇ ਨਜ਼ਰੀਂ ਪੈਂਦੇ ਹਨ। ਉਹ ਲਿਖ਼ ਗਿਆ ਹੈ- "ਜਿੱਥੇ ਇਤਰਾਂ ਦੇ ਵਗ਼ਦੇ ਨੇ ਚੋਅ, ਉਥੇ ਮੇਰਾ ਯਾਰ ਵੱਸਦਾ","ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ,ਕੁਝ ਰੁੱਖ ਲੱਗਦੇ ਮਾਂਵਾਂ","ਮੈਨੂੰ ਤੇਰਾ ਸ਼ਬਾਬ ਲੈ ਬੈਠਾ,ਰੰਗ ਗੋਰਾ ਗ਼ੁਲਾਬ ਲੈ ਬੈਠਾ","ਮੋਤੀਏ ਰੰਗੀ ਚਾਨਣੀ ਦਾ ਭਰ ਪਿਚਕਾਰੀ","ਜੇ ਗੋਰੀ ਰਾਤ ਹੈ ਚੰਨ ਦੀ,ਤਾਂ ਕਾਲੀ ਰਾਤ ਹੈ ਕਿਸਦੀ? ਨਾ ਲੁਕਦੈ ਤਾਰਿਆਂ ਵਿਚ ਚੰਨ, ਨਾ ਤਾਰੇ ਚੰਨ 'ਚ ਲੁਕਦੇ ਨੇ", "ਮੇਰੇ ਦਿਲਾਂ ਦਿਆ ਮਹਿਰਮਾ ਵੇ ਫੁੱਲੀਆਂ ਕਨੇਰਾਂ ਘਰ ਆ","ਪੀੜੇ ਨੀ ਪੀੜੇ ਇਹ ਪਿਆਰ ਐਸੀ ਤਿਤਲੀ ਹੈ, ਜਿਹੜੀ ਸਦਾ ਸੂਲ ਤੇ ਬਵ੍ਹੇ","ਗਿੱਟੇ-ਗਿੱਟੇ ਪੌਣਾਂ ਵਿਚ ਵਗਣ ਸੁਗੰਧੀਆਂ ਨੀ, ਨੀਂਦ ਪਈ ਪੰਖੇਰੂਆਂ ਨੂੰ ਆਏ","ਕਲੀਆਂ ਕਰੂੰਬਲਾਂ 'ਤੇ ਸੁੱਤੇ ਜਲ ਬਿੰਦੂਆਂ 'ਚ ਕਿਰਨਾਂ ਦੇ ਦੀਵੜੇ ਜਗਾਏ"," ਪੁਰੇ ਦੀਏ ਪੌਣੇਂ ਇਕ ਚੁੰਮਣ ਦੇ ਜਾ, ਛਿੱਟ ਸਾਰੀ ਦੇ ਜਾ ਖ਼ੁਸ਼ਬੋਈ" ਅਤੇ "ਅੱਧੀ ਅੱਧੀ ਰਾਤੀਂ ਚੁਣਾਂ ਤਾਰਿਆਂ ਦੇ ਕੋਰੜੂ ਨੀ ਛੱਟ ਕੇ ਪਟਾਰੀ ਵਿਚ ਪਾਵਾਂ"। ਸ਼ਿਵ ਕੇਵਲ ਪੰਜਾਬ ਜਾਂ ਪੰਜਾਬੀਆਂ ਦਾ ਹੀ ਪਿਆਰਾ ਸ਼ਾਇਰ ਨਹੀਂ ਸੀ। ਉਸ ਦੀ ਸ਼ੋਹਰਤ ਅਤੇ ਉਸ ਦੇ ਪ੍ਰਤੀ ਲੋਕਾਂ ਮਨਾਂ ਵਿਚ ਚਾਹਤ ਅਮੁੱਕ ਸੀ।

# ਸੰਪਰਕ : 97816-46008

# ਜਨਗਣਨਾ ਪ੍ਰੋਫਾਰਮੇ 'ਚ ਜਾਤੀ ਸੂਚਕ ਵਰਤਣ ਵਿਰੁੱਧ ਮਜ਼ਦੂਰ ਜਥੇਬੰਦੀਆਂ ਨੇ ਫੂਕਿਆ ਸਰਕਾਰ ਦਾ ਪੁਤਲਾ

**ਸ਼ਾਹਕੋਟ, ਜਲੰਧਰ (ਗਿਆਨ ਸੈਦਪੁਰੀ, ਲਖਵਿੰਦਰ ਸਿੰਘ ਆਧੀ)**- ਸਰਕਾਰ ਵਲੋਂ ਸ਼ੁਰੂ ਕੀਤੀ ਗਈ ਜਨਗਣਨਾ ਵਾਲੇ ਪ੍ਰੋਫਾਰਮੇ 'ਚ ਐੱਸ ਸੀ ਭਾਈਚਾਰੇ ਵਾਲੇ ਖਾਨੇ ਵਿਚ ਜਾਤੀ ਸੂਚਕ ਸ਼ਬਦ ਦੀ ਵਰਤੋਂ ਕੀਤੇ ਜਾਣ ਵਿਰੁੱਧ ਮਜ਼ਦੂਰ ਜਥੇਬੰਦੀਆਂ 'ਚ ਭਾਰੀ ਰੋਸ ਫੈਲ ਗਿਆ ਹੈ, ਜਿਸ ਦੇ ਰੋਸ ਵਜੋਂ 5 ਮਈ ਨੂੰ ਮਜ਼ਦੂਰ ਜਥੇਬੰਦੀਆਂ ਨੇ ਨਕੋਦਰ ਸ਼ਹਿਰ ਅੰਦਰ ਮਾਰਚ ਕਰਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ, ਸਤਿਗੁਰੂ ਰਵਿਦਾਸ ਚੌਕ ਵਿਚ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਕਿਹਾ ਕਿ ਜੋ ਸ਼ਬਦ ਵਰਜਿਤ ਕਰਾਰ ਦਿੱਤਾ ਹੋਇਆ, ਜਿਸ ਨੂੰ ਵਰਤੇ ਜਾਣ 'ਤੇ ਭਾਈਚਾਰਾ ਅਪਮਾਨਿਤ ਮਹਿਸੂਸ ਕਰਦਾ ਹੈ, ਸਰਕਾਰ ਨੇ ਇਸ ਨੂੰ ਪ੍ਰੋਫਾਰਮੇ 'ਚ ਛਾਪ ਦਿੱਤਾ ਹੈ। ਉਹਨਾਂ ਕਿਹਾ ਕਿ ਅਜਿਹਾ ਗੈਰ ਜਿੰਮੇਵਾਰਾਨਾ ਕੰਮ ਜਾਣਬੁੱਝ ਕੇ ਮਜ਼ਦੂਰਾਂ ਨੂੰ ਅਪਮਾਨਿਤ ਕਰਨ ਲਈ ਕੀਤਾ ਗਿਆ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਅਸੈਂਬਲੀ ਅੰਦਰ ਬੈਠੇ ਐੱਸ ਸੀ ਭਾਈਚਾਰੇ ਦੇ ਕਿਸੇ ਵੀ ਲੀਡਰ ਨੂੰ ਇਹ ਅਪਮਾਨਿਤ ਸਬਦ ਨਜ਼ਰ ਨਹੀਂ ਆਇਆ ਨਾ ਹੀ ਉਨ੍ਹਾਂ ਇਸ ਦੀ ਕੋਈ ਜ਼ਿੰਮੇਵਾਰੀ ਸਮਝੀ। ਉਹਨਾਂ ਕਿਹਾ ਕਿ ਐੱਸ ਸੀ ਕਮਿਸ਼ਨ ਨੇ ਵੀ ਇਸਦਾ ਕੋਈ ਨੋਟਿਸ ਨਹੀਂ ਲਿਆ ਹੈ। ਉਹਨਾਂ ਕਿਹਾ ਕਿ ਜਿਸ ਸ਼ਬਦ ਦੇ ਵਰਤੇ ਜਾਣ 'ਤੇ ਲੜਾਈ ਝਗੜੇ ਹੋ ਜਾਂਦੇ ਹਨ, ਅਦਾਲਤਾਂ ਵਿੱਚ ਕੇਸ ਚਲਦੇ ਹਨ, ਉਸ ਨੂੰ ਪ੍ਰੋਫਾਰਮੇ 'ਚ ਵਰਤਨਾ ਦਲਿਤ ਭਾਈਚਾਰੇ ਨੂੰ ਅਪਮਾਨਿਤ ਕਰਨਾ ਹੈ, ਉਨ੍ਹਾਂ ਮੰਗ ਕੀਤੀ ਇਸ ਸ਼ਬਦ ਨੂੰ ਤੁਰੰਤ ਪ੍ਰੋਫਾਰਮੇ 'ਚੋਂ ਹਟਾਇਆ ਜਾਵੇ ਤੇ ਸਬੰਧਤ ਅਧਿਕਾਰੀਆਂ 'ਤੇ ਪਰਚਾ ਦਰਜ ਹੋਏ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਮਜ਼ਦੂਰ ਆਗੂ ਗਿਆਨ ਸੈਦਪੁਰੀ, ਹਰਪਾਲ ਬਿੱਟੂ, ਸੁਖਜਿੰਦਰ ਲਾਲੀ, ਨਛੱਤਰ ਨਾਹਰ,ਦਲਬੀਰ ਸਹੋਤਾ, ਸਤਨਾਮ ਉੱਗੀ ਅਤੇ ਕਿਸਾਨ ਆਗੂ ਮਨੋਹਰ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ।




# ਕੈਬਨਿਟ ਮੰਤਰੀ ਨੇ ਖੇਡ ਮੈਦਾਨ ਲੋਕਾਂ ਨੂੰ ਕੀਤਾ ਸਮਰਪਤ

**ਨੰਗਲ, ਭਲਾਣ (ਹਰਭਜਨ ਸਿੰਘ ਢਿੱਲੋਂ)**- ਕੈਬਨਿਟ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਬ੍ਰਹਮਪੁਰ ਲੋਅਰ ਵਿੱਚ 48.15 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕੀਤਾ। ਇਸ ਮੈਦਾਨ ਵਿੱਚ ਬਾਥਰੂਮ, ਚੇਂਜਿੰਗ ਰੂਮ, ਸਟੋਰ ਰੂਮ, ਰਾਤ ਦੇ ਸਮੇਂ ਮੈਚਾਂ ਲਈ ਲਾਈਟਿੰਗ ਸਿਸਟਮ, ਜਲ ਸਪਲਾਈ ਅਤੇ ਬਿਜਲੀ ਵਰਗੀਆਂ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ, ਜਿਸ ਨਾਲ ਇਹ ਮੈਦਾਨ ਇੱਕ ਨਮੂਨੇ ਦੇ ਤੌਰ 'ਤੇ ਤਿਆਰ ਕੀਤਾ ਗਿਆ। ਇਸ ਤੋਂ ਇਲਾਵਾ, ਬੀ ਬੀ ਐੱਮ ਬੀ ਤੇ ਐੱਨ ਐੱਫ ਐੱਲ ਰਾਹੀਂ ਵੀ ਵੱਡੇ ਵਿਕਾਸੀ ਪ੍ਰੋਜੈਕਟ ਮਨਜ਼ੂਰ ਕਰਵਾਏ ਗਏ ਹਨ, ਜੋ ਹਲਕੇ ਦੇ ਸਮੂਹਿਕ ਵਿਕਾਸ ਨੂੰ ਹੋਰ ਤੇਜ਼ੀ ਦੇਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਮਿਲੀ ਹੈ, ਜਿਸ ਦੇ ਤਹਿਤ ਜਲਦੀ ਹੀ 100 ਖੇਡ ਮੈਦਾਨ ਲੋਕ ਅਰਪਣ ਕੀਤੇ ਜਾਣਗੇ। ਇਸ ਸਮੇਂ 25 ਖੇਡ ਮੈਦਾਨਾਂ ਦਾ ਕੰਮ ਜਾਰੀ ਹੈ, ਜਦਕਿ ਹੋਰ 75 ਖੇਡ ਮੈਦਾਨ ਤਿਆਰੀ ਦੇ ਅਖੀਰਲੇ ਪੜਾਅ ਵਿੱਚ ਹਨ। ਇਹ ਮੈਦਾਨ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਸ ਦੇ ਨਾਲ ਹੀ 20 ਅਤੀ ਆਧੁਨਿਕ ਲਾਇਬ੍ਰੇਰੀਆਂ ਵੀ ਜਲਦੀ ਲੋਕਾਂ ਨੂੰ ਸਮਰਪਿਤ ਕੀਤੀਆਂ ਜਾਣਗੀਆਂ, ਜੋ ਸਿੱਖਿਆ ਅਤੇ ਗਿਆਨ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾਉਣਗੀਆਂ। ਕੈਬਨਿਟ ਮੰਤਰੀ ਨੇ ਕਿਹਾ ਕਿ ਹਲਕੇ ਵਿੱਚ ਲਗਭਗ 200 ਕਿਲੋਮੀਟਰ ਸੜਕਾਂ ਦੇ ਚੌੜੇਕਰਨ ਅਤੇ ਨਵੀਨੀਕਰਨ ਦਾ ਕੰਮ ਜਲਦੀ ਮੁਕੰਮਲ ਹੋਵੇਗਾ। ਇਸ ਮੌਕੇ ਸਚਿਨ ਪਾਠਕ ਐਸ.ਡੀ.ਐਮ ਨੰਗਲ, ਡਾ.ਸੰਜੀਵ ਗੌਤਮ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਰੂਪਨਗਰ, ਜਸਪ੍ਰੀਤ ਜੇ ਪੀ, ਚੰਨਣ ਸਿੰਘ ਪੱਪੂ ਢਿੱਲੋਂ ਸਰਪੰਚ, ਇਸ਼ਾਨ ਚੋਧਰੀ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਸਿਮਰਨਜੀਤ ਸਿੰਘ ਥਾਣਾ ਮੁਖੀ, ਅਸ਼ੋਕ ਨੰਬਰਦਾਰ ਬੀਡੀਸੀ ਮੈਂਬਰ, ਬਚਿੱਤਰ ਸਿੰਘ ਪੰਚ, ਰਾਮ ਗੋਪਾਲ ਪੰਚ, ਵਰਿੰਦਰ ਕੌਰ ਪੰਚ, ਤ੍ਰਿਸ਼ਲਾ ਦੇਵੀ ਪੰਚ, ਕਿਸ਼ਨ ਚੰਦ ਸੈਣੀ, ਪਰਮਿੰਦਰ ਸੈਣੀ, ਪਵਨ ਸੈਣੀ, ਪ੍ਰਦੀਪ, ਕ੍ਰਿਸ਼ਨਪਾਲ, ਸਹਿਜਪਾਲ, ਸਾਹਿਲ ਅਨੰਦ, ਬੱਬੂ, ਨਰੇਸ਼ ਸੋਨੀ, ਹਰਵਿੰਦਰ ਕੁਮਾਰ ਜੇ.ਈ, ਹੁਕਮ ਚੰਦ ਸੈਣੀ, ਨਿਤਿਨ ਬਾਸੋਵਾਲ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।



# ਖਾਲਸਾ ਏਡ ਮਨੁੱਖਤਾ ਦੀ ਨਿਸ਼ਕਾਮ ਸੇਵਾ ਸਦਕਾ ਸਨਮਾਨਤ

ਜਲੰਧਰ-ਦੁਨੀਆ ਭਰ ਵਿੱਚ ਲੋੜਵੰਦਾਂ ਦੀ ਨਿਸ਼ਕਾਮ ਸੇਵਾ, ਮਨੁੱਖਤਾ ਦੀ ਭਲਾਈ ਅਤੇ ਸੰਕਟ ਦੇ ਸਮੇਂ ਹਰ ਮੁਹਤਾਜ ਤੱਕ ਬਿਨਾਂ ਕਿਸੇ ਭੇਦਭਾਵ ਦੇ ਮਦਦ ਪਹੁੰਚਾਉਣ ਵਾਲੀ ਪ੍ਰਸਿੱਧ ਸੇਵਾ ਸੰਸਥਾ ਖਾਲਸਾ ਏਡ ਨੂੰ ਸਾਲ 2026 ਦਾ ਲਾਇਨਜ਼ ਇੰਟਰਨੈਸ਼ਨਲ ਹਯੂਮੈਨੀਟੇਰੀਅਨ ਐਵਾਰਡ 2026 ਪ੍ਰਦਾਨ ਕੀਤਾ ਗਿਆ ਹੈ।

ਇਸ ਵਿਸ਼ਵ ਪੱਧਰੀ ਸਨਮਾਨ ਦੇ ਨਾਲ ਸੰਸਥਾ ਨੂੰ 5 ਲੱਖ ਡਾਲਰ ਦੀ ਗ੍ਰਾਂਟ ਵੀ ਦਿੱਤੀ ਗਈ ਹੈ, ਜੋ ਵਿਸ਼ਵ ਭਰ ਵਿੱਚ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਨਿਸ਼ਕਾਮ ਯਤਨਾਂ ਦੀ ਵੱਡੀ ਕਦਰ, ਸਨਮਾਨ ਅਤੇ ਵਿਸ਼ਵ ਪੱਧਰੀ ਮਾਨਤਾ ਦਾ ਪ੍ਰਤੀਕ ਹੈ।ਖਾਲਸਾ ਏਡ ਦੇ ਟਰਸਟੀ ਜਸਪ੍ਰੀਤ ਸਿੰਘ ਦਾਹੀਆ ਨੇ ਦੱਸਿਆ ਕਿ ਇਹ ਵਿਸ਼ਵ ਪੱਧਰੀ ਸਨਮਾਨ ਖਾਲਸਾ ਏਡ ਨਾਲ ਜੁੜੇ ਹਰ ਸੇਵਾਦਾਰ ਦੀ ਨਿਸ਼ਕਾਮ ਸੇਵਾ, ਸਮਰਪਣ ਅਤੇ ਮਨੁੱਖਤਾ ਪ੍ਰਤੀ ਵਚਨਬੱਧਤਾ ਦਾ ਸਨਮਾਨ ਹੈ। ਹਾਂਗਕਾਂਗ ਵਿੱਚ ਲਾਇਨਜ਼ ਇੰਟਰਨੈਸ਼ਨਲ ਵੱਲੋਂ ਆਯੋਜਿਤ ਵਿਸ਼ੇਸ਼ ਸਮਾਗਮ ਦੌਰਾਨ ਖਾਲਸਾ ਏਡ ਦੇ ਮੁੱਖ ਸੇਵਾਦਾਰ ਰਵਿੰਦਰ ਸਿੰਘ (ਰਵੀ ਸਿੰਘ) ਨੂੰ ਮਨੁੱਖਤਾ ਦੀ ਨਿਸ਼ਕਾਮ ਸੇਵਾ ਲਈ ਲਾਇਨਜ਼ ਇੰਟਰਨੈਸ਼ਨਲ ਹਯੂਮੈਨੀਟੇਰੀਅਨ ਐਵਾਰਡ 2026 ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ। ਰਵਿੰਦਰ ਸਿੰਘ (ਰਵੀ ਸਿੰਘ) ਦੀ ਅਗਵਾਈ ਹੇਠ ਖਾਲਸਾ ਏਡ ਨੇ ਦੁਨੀਆ ਦੇ ਕਈ ਦੇਸ਼ਾਂ ਵਿੱਚ ਕੁਦਰਤੀ ਆਫ਼ਤਾਂ, ਜੰਗ-ਪ੍ਰਭਾਵਿਤ ਖੇਤਰਾਂ, ਭੁੱਖਮਰੀ, ਬੇਘਰ ਹੋਏ ਪਰਿਵਾਰਾਂ ਅਤੇ ਮੁਸ਼ਕਲ ਹਾਲਾਤਾਂ ਵਿੱਚ ਘਿਰੇ ਲੱਖਾਂ ਲੋਕਾਂ ਤੱਕ ਰਾਹਤ ਸਮੱਗਰੀ, ਭੋਜਨ, ਦਵਾਈਆਂ ਅਤੇ ਹੋਰ ਜ਼ਰੂਰੀ ਸਹੂਲਤਾਂ ਪਹੁੰਚਾ ਕੇ ਮਨੁੱਖਤਾ ਦੀ ਸੇਵਾ ਦੀ ਅਦਵਿੱਤੀ ਮਿਸਾਲ ਕਾਇਮ ਕੀਤੀ ਹੈ। ਧਰਮ, ਜਾਤ, ਰੰਗ ਅਤੇ ਦੇਸ਼ ਦੀਆਂ ਸਰਹੱਦਾਂ ਤੋਂ ਉੱਪਰ ਉੱਠ ਕੇ ਕੀਤੀ ਜਾ ਰਹੀ ਇਹ ਸੇਵਾ ਅਸਲ ਮਾਇਨਿਆਂ ਵਿੱਚ ਸਰਬੱਤ ਦਾ ਭਲਾ ਦੇ ਮਹਾਨ ਸਿਧਾਂਤ ਨੂੰ ਜੀਵੰਤ ਕਰਦੀ ਹੈ।



## ਡਵੀਜ਼ਨਲ ਕਮਿਸ਼ਨਰ ਨੇ ਸਵੈ-ਗਣਨਾ ਦੀ ਆਨ ਲਾਈਨ ਪ੍ਰਕਿਰਿਆ ਕੀਤੀ ਮੁਕੰਮਲ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਡਵੀਜ਼ਨਲ ਕਮਿਸ਼ਨਰ ਜਲੰਧਰ ਰਾਮਵੀਰ ਵੱਲੋਂ ਜਨਗਣਨਾ-2027 ਤਹਿਤ ਆਨਲਾਈਨ ਪੋਰਟਲ se.census.gov.in ਰਾਹੀਂ ਆਪਣੀ ਸਵੈ-ਗਣਨਾ ਦੀ ਪ੍ਰਕਿਰਿਆ ਮੁਕੰਮਲ ਕੀਤੀ ਗਈ।ਡਵੀਜ਼ਨਲ ਕਮਿਸ਼ਨਰ ਨੇ ਨਾਗਰਿਕਾਂ ਨੂੰ ਸਵੈ-ਗਣਨਾ ਦੇ ਅਮਲ ਵਿੱਚ ਵਧ-ਚੜ੍ਹ ਕੇ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਪ੍ਰਕਿਰਿਆ ਬਹੁਤ ਹੀ ਆਸਾਨ ਹੈ।ਇਸ ਡਿਜੀਟਲ ਪਹਿਲਕਦਮੀ ਰਾਹੀਂ ਆਮ ਲੋਕ ਘਰ ਬੈਠੇ ਹੀ ਅਧਿਕਾਰਤ ਪੋਰਟਲ ਜ਼ਰੀਏ ਜਨਗਣਨਾ ਸਬੰਧੀ ਆਪਣੇ ਵੇਰਵੇ ਆਨਲਾਈਨ ਦਰਜ ਕਰ ਸਕਦੇ ਹਨ।ਸਹੀ ਅਤੇ ਸਮੇਂ-ਸਿਰ ਵੇਰਵੇ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਰਾਮਵੀਰ ਨੇ ਕਿਹਾ ਕਿ ਯੋਜਨਾਬੰਦੀ ਅਤੇ ਵਿਕਾਸ ਗਤੀਵਿਧੀਆਂ ਲਈ ਮਜਬੂਤ ਡਾਟਾਬੇਸ ਬਹੁਤ ਜ਼ਰੂਰੀ ਹੈ।ਰਾਮਵੀਰ ਨੇ ਦੱਸਿਆ ਕਿ ਜਨਗਣਨਾ-2027 ਲਈ ਸਵੈ ਗਣਨਾ ਦੀ ਪ੍ਰਕਿਰਿਆ 30 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਤੇ 14 ਮਈ ਤੱਕ ਜਾਰੀ ਰਹੇਗੀ। ਇਸ ਤੋਂ ਬਾਅਦ 15 ਮਈ ਤੋਂ 13 ਜੂਨ ਤੱਕ ਗਿਣਤੀਕਾਰ ਘਰ-ਘਰ ਜਾ ਕੇ ਸਰਵੇਖਣ ਕਰਨਗੇ।ਇਸ ਮੌਕੇ ਚਾਰਜ ਅਫ਼ਸਰ-ਕਮ-ਸਹਾਇਕ ਕਮਿਸ਼ਨਰ ਵਿਕਰਾਂਤ ਵਰਮਾ, ਸਪਰਡੰਟ ਅਸ਼ੋਕ ਵਧਾਵਨ ਅਤੇ ਹੋਰ ਕਰਮਚਾਰੀ ਵੀ ਮੌਜੂਦ ਸਨ।




## ਵਿਦਿਆਰਥੀਆਂ ਦਾ ਇਸਰੋ, ਬੈਂਗਲੁਰੂ ਤੇ ਮੈਸੂਰ ਦਾ ਵਿਦਿਅਕ ਦੌਰਾ ਸਫਲ ਰਿਹਾ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੋਰਾਇਆ ਦੇ ਵਿਦਿਆਰਥੀਆਂ ਦਾ ਇੱਕ ਸ਼ੈਖ਼ਸ਼ਣਿਕ ਦਲ 25 ਅਪ੍ਰੈਲ ਤੋਂ 29 ਅਪ੍ਰੈਲ ਤੱਕ ਬੈਂਗਲੁਰੂ ਸਥਿਤ ਇਸਰੋ ਤੇ ਮੈਸੂਰ ਦੇ ਇਤਿਹਾਸਕ ਅਤੇ ਪ੍ਰਸਿੱਧ ਸਥਾਨਾਂ ਦੇ ਦੌਰੇ 'ਤੇ ਗਿਆ। ਇਸ ਵਿਦਿਅਕ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਗਿਆਨ, ਅੰਤਰਿਕਸ਼ ਅਨੁਸੰਧਾਨ ਅਤੇ ਭਾਰਤ ਦੀ ਸਮਰੱਥ ਸਾਂਸਕ੍ਰਿਤਿਕ ਵਿਰਾਸਤ ਨਾਲ ਜਾਣੂ ਕਰਵਾਉਣਾ ਸੀ। ਇਸਰੋ, ਬੈਂਗਲੁਰੂ ਦੇ ਦੌਰੇ ਦੌਰਾਨ ਵਿਦਿਆਰਥੀਆਂ ਨੇ ਅੰਤਰਿਕਸ਼ ਵਿਗਿਆਨ, ਉਪਗ੍ਰਹਿ ਪ੍ਰਸ਼ੇਪਣ, ਰਾਕੇਟ ਤਕਨੀਕ ਅਤੇ ਵੱਖ-ਵੱਖ ਵਿਗਿਆਨਕ ਪ੍ਰਯੋਗਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ। ਉੱਥੇ ਮੌਜੂਦ ਵਿਗਿਆਨੀਆਂ ਵੱਲੋਂ ਵਿਦਿਆਰਥੀਆਂ ਨੂੰ ਅੰਤਰਿਕਸ਼ ਅਨੁਸੰਧਾਨ ਦੇ ਖੇਤਰ ਵਿੱਚ ਹੋ ਰਹੇ ਨਵੇਂ ਵਿਕਾਸਾਂ ਬਾਰੇ ਜਾਣੂ ਕਰਵਾਇਆ ਗਿਆ, ਜਿਸ ਨਾਲ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਚੀ ਅਤੇ ਜਿਗਿਆਸਾ ਹੋਰ ਵੱਧ ਗਈ। ਬੈਂਗਲੁਰੂ ਵਿੱਚ ਵਿਦਿਆਰਥੀਆਂ ਨੇ ਟੀਪੂ ਸੁਲਤਾਨ ਸਮਰ ਪੈਲੇਸ ਦੇ ਨਾਲ-ਨਾਲ ਪ੍ਰਸਿੱਧ ਲਾਲ ਬਾਗ ਬੋਟੈਨਿਕਲ ਗਾਰਡਨ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਇਤਿਹਾਸਕ ਧਰੋਹਰ ਦੇ ਨਾਲ-ਨਾਲ ਵੱਖ-ਵੱਖ ਕਿਸਮਾਂ ਦੀਆਂ ਵਨਸਪਤੀਆਂ ਅਤੇ ਕੁਦਰਤੀ ਸੁੰਦਰਤਾ ਨੂੰ ਨੇੜੇ ਤੋਂ ਦੇਖਿਆ ਅਤੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਮੈਸੂਰ ਵਿੱਚ ਵਰਿੰਦਾਵਨ ਗਾਰਡਨ, ਬੁੱਲ ਟੈਂਪਲ ਅਤੇ ਇਸਕਾਨ ਟੈਂਪਲ ਵਰਗੇ ਪ੍ਰਮੁੱਖ ਦਰਸ਼ਨੀ ਸਥਾਨਾਂ ਦਾ ਦੌਰਾ ਕੀਤਾ। ਇਨ੍ਹਾਂ ਸਥਾਨਾਂ ਨੇ ਵਿਦਿਆਰਥੀਆਂ ਨੂੰ ਕੁਦਰਤੀ ਸੁੰਦਰਤਾ, ਧਾਰਮਿਕ ਆਸਥਾ ਅਤੇ ਸਾਂਸਕ੍ਰਿਤਿਕ ਵਿਰਾਸਤ ਨਾਲ ਰੂਬਰੂ ਕਰਵਾਇਆ।




## ਜ਼ਿਲ੍ਹੇ ਦੇ 6 ਪਿੰਡਾਂ 'ਚ ਮਾਡਲ ਪੇਂਡੂ ਖੇਡ ਮੈਦਾਨ ਸਮਰਪਤ ਕਰਨ ਦਾ ਸਵਾਗਤ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਸਿਹਤਮੰਦ ਜੀਵਨਸ਼ੈਲੀ ਵੱਲ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਵਰਚੁਅਲ ਢੰਗ ਨਾਲ ਸਮਰਪਤ ਕੀਤੇ ਗਏ ਮਾਡਲ ਪੇਂਡੂ ਖੇਡ ਮੈਦਾਨਾਂ ਵਿੱਚ 6 ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹਨ। ਜ਼ਿਲ੍ਹੇ ਦੇ 6 ਪਿੰਡਾਂ ਕਾਲੜਾ, ਨਾਹਲ, ਸੰਗੋਵਾਲ, ਕਾਂਗਨਾ, ਮੋਰੋਂ ਅਤੇ ਫੋਲੜੀਵਾਲ ਵਿਖੇ ਮਾਡਲ ਪੇਂਡੂ ਖੇਡ ਮੈਦਾਨ ਸਮਰਪਤ ਕੀਤੇ ਗਏ। ਪਿੰਡ ਨਾਹਲ ਵਿਖੇ ਖੇਡ ਮੈਦਾਨ ਸਮਰਪਤ ਕਰਦਿਆਂ ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਭਰ ਦੇ ਪਿੰਡਾਂ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਸਥਾਪਤ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਇਸ ਉਪਰਾਲੇ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ, ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਦੀ ਅਥਾਹ ਊਰਜਾ ਨੂੰ ਉਸਾਰੂ ਗਤੀਵਿਧੀਆਂ ਵਿੱਚ ਲਾਉਣਾ ਹੈ। ਇਸੇ ਤਰ੍ਹਾਂ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਪਿੰਡ ਕਾਂਗਨਾ ਵਿਖੇ ਖੇਡ ਮੈਦਾਨ ਸਮਰਪਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਅਤੇ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਬਣਾਏ ਜਾ ਰਹੇ ਇਹ ਖੇਡ ਮੈਦਾਨ ਨੌਜਵਾਨੀ ਨੂੰ ਨਵੀਂ ਸੇਧ ਦੇਣਗੇ ।ਹਲਕਾ ਵਿਧਾਇਕਾਂ ਨੇ ਪਿੰਡ ਵਾਸੀਆਂ ਸਮੇਤ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲੇ ਪੜਾਅ ਵਿੱਚ 3100 ਖੇਡ ਮੈਦਾਨ ਬਣਾਏ ਜਾ ਰਹੇ ਹਨ, ਜੋ ਕਿ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜਲੰਧਰ ਵਿੱਚ ਕੁੱਲ 168 ਖੇਡ ਮੈਦਾਨ ਬਣਾਏ ਜਾਣਗੇ।

## ਸਕੂਲ 'ਚ ਚੋਰੀ ਦੀ ਵਾਰਦਾਤ

**ਟਾਂਡਾ ਉੜਮੁੜ, (ਮਿਥਲੇਸ ਗਰਗ, ਜਸਵਿੰਦਰ ਸੰਧੂ)**- ਬੀਤੀ ਰਾਤ ਚੋਰਾਂ ਨੇ ਸਰਕਾਰੀ ਹਾਈ ਸਕੂਲ ਮੂਨਕ ਕਲਾਂ ਚੋਰੀ ਦਾ ਨਿਸ਼ਾਨਾ ਬਣਾਉਂਦੇ ਹੋਏ ਮਿਡ ਡੇ ਮੀਲ ਦਾ ਸਮਾਨ ਚੋਰੀ ਕਰ ਲਿਆ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁੱਖ ਅਧਿਆਪਕ ਮਨੋਜ ਕੁਮਾਰ, ਸਕੂਲ ਇੰਚਾਰਜ ਮੈਡਮ ਰਾਜਵਿੰਦਰ ਕੌਰ, ਮਾਸਟਰ ਜਗਜੀਤ ਸਿੰਘ ਤੇ ਸਰਪੰਚ ਮਨਵੀਰ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਸਕੂਲ ਦੇ ਤਾਲੇ ਤੋੜ ਕੇ ਅੰਦਰ ਦਾਖਲ ਹੁੰਦੇ ਹੋਏ ਮਿਡ ਡੇ ਮੀਲ ਵਿੱਚ ਵਰਤਿਆ ਜਾਣ ਵਾਲਾ ਸਿਲੰਡਰ, ਚਾਵਲ ਕਣਕ ਤੇ ਹੋਰ ਸਮਾਨ ਚੋਰੀ ਕਰ ਲਿਆ।ਚੋਰੀ ਦੀ ਇਹ ਵਾਰਦਾਤ ਸਕੂਲ ਵਿੱਚ ਲੱਗੇ ਸੀ ਟੀ ਵੀ ਕੈਮਰਿਆਂ ਵਿੱਚ ਵੀ ਕੈਦ ਹੋ ਗਈ ਹੋਈ ਹੈ। ਚੋਰੀ ਦੀ ਇਸ ਵਾਰਦਾਤ ਸੰਬੰਧੀ ਟਾਂਡਾ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਜਿਸ ਦੌਰਾਨ ਪੁਲਿਸ ਵੱਲੋਂ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਦੇ ਹੋਏ ਚੋਰਾਂ ਨੂੰ ਫੜਨ ਲਈ ਕਾਰਵਾਈ ਕੀਤੀ ਜਾ ਰਹੀ ਹੈ।



## ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਜਿੱਤ ਦਾ ਜਸ਼ਨ ਮਨਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੱਛਮੀ ਬੰਗਾਲ ਅਤੇ ਅਸਾਮ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸ਼ਾਨਦਾਰ ਕਾਰਗੁਜ਼ਾਰੀ ਅਤੇ ਜਿੱਤ ਦਾ ਜਸ਼ਨ ਡੇਰਾਬੱਸੀ ਵਿਖੇ ਵੀ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਭਾਜਪਾ ਮੰਡਲ ਡੇਰਾਬੱਸੀ ਵੱਲੋਂ ਆਯੋਜਿਤ ਇਸ ਪ੍ਰੋਗਰਾਮ ਦੌਰਾਨ ਪਾਰਟੀ ਵਰਕਰਾਂ ਨੇ ਮਿਠਾਈਆਂ ਵੰਡ ਕੇ ਅਤੇ ਆਤਿਸ਼ਬਾਜ਼ੀ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ?ਮੰਡਲ ਪ੍ਰਧਾਨ ਪਵਨ ਧੀਮਾਨ ਦੀ ਅਗਵਾਈ ਹੇਠ ਇਕੱਠੇ ਹੋਏ ਭਾਜਪਾ ਅਹੁਦੇਦਾਰਾਂ ਅਤੇ ਵਰਕਰਾਂ ਨੇ ਕੇਂਦਰੀ ਲੀਡਰਸ਼ਿਪ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪਵਨ ਧੀਮਾਨ ਨੇ ਕਿਹਾ ਕਿ ਪੱਛਮੀ ਬੰਗਾਲ ਅਤੇ ਅਸਾਮ ਦੇ ਚੋਣ ਨਤੀਜਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੇਸ਼ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਮਾਡਲ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਕੁਸ਼ਲ ਰਣਨੀਤੀ 'ਤੇ ਪੂਰਨ ਭਰੋਸਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਹਾਰ ਲੋਕਤੰਤਰ ਦੀ ਜਿੱਤ ਹੈ ਅਤੇ ਉੱਥੋਂ ਦੇ ਲੋਕਾਂ ਨੇ ਅਰਾਜਕਤਾ ਨੂੰ ਨਕਾਰ ਕੇ ਵਿਕਾਸ ਨੂੰ ਚੁਣਿਆ ਹੈ। ?ਇਸ ਜਸ਼ਨ ਦੌਰਾਨ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਹੱਥਾਂ ਵਿੱਚ ਪਾਰਟੀ ਦੇ ਝੰਡੇ, ਪੋਸਟਰ ਅਤੇ ਬੈਨਰ ਫੜੀ ਵਰਕਰਾਂ ਨੇ 'ਬੰਗਾਲ ਤੋਂ ਬਾਅਦ ਹੁਣ ਪੰਜਾਬ ਦੀ ਵਾਰੀ, ਭਾਜਪਾ ਦੀ ਹੈ ਪੂਰੀ ਤਿਆਰੀ' ਦੇ ਨਾਅਰੇ ਲਗਾ ਕੇ ਮਾਹੌਲ ਨੂੰ ਪੂਰੀ ਤਰ੍ਹਾਂ ਭਾਜਪਾ ਦੇ ਰੰਗ ਵਿੱਚ ਰੰਗ ਦਿੱਤਾ। ਆਗੂਆਂ ਨੇ ਦਾਅਵਾ ਕੀਤਾ ਕਿ ਇਨ੍ਹਾਂ ਚੋਣ ਨਤੀਜਿਆਂ ਦਾ ਸਿੱਧਾ ਅਸਰ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਪਵੇਗਾ। ਪ੍ਰੋਗਰਾਮ ਵਿੱਚ ਭਾਜਪਾ ਪੰਜਾਬ ਦੇ ਸੀਨੀਅਰ ਆਗੂ ਰਵਿੰਦਰ ਵੈਸ਼ਨਵ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।



## ਸਿਵਲ ਸਰਜਨ ਵੱਲੋਂ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਮਿਥਲੇਸ਼ ਗਰਗ)**- ਸਿਵਲ ਸਰਜਨ ਹੁਸ਼ਿਆਰਪੁਰ ਡਾ:ਮਨਦੀਪ ਕਮਲ ਵੱਲੋਂ ਸਰਕਾਰੀ ਹਸਪਤਾਲ ਟਾਡਾ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਡਾ: ਕਰਨ ਕੁਮਾਰ ਸੈਣੀ ਤੇ ਡਾਕਟਰ ਪ੍ਰੀਤ ਮਹਿੰਦਰ ਸਿੰਘ ਵੀ ਉਹਨਾਂ ਦੇ ਨਾਲ ਸਨ ।ਉਹਨਾਂ ਵੱਲੋਂ ਹਸਪਤਾਲ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਉਹਨਾਂ ਵੱਲੋਂ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ ਗਈ ਕਿ ਹੁਣ ਮਿਲ ਰਹੀਆਂ ਸਿਹਤ ਸਹੂਲਤਾਂ ਤੋਂ ਉਹ ਸੰਤੁਸ਼ਟ ਹਨ ਕਿ ਨਹੀਂ। ਉਹਨਾਂ ਨੇ ਅੱਗੇ ਦੱਸਿਆ ਵੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਬਿਹਤਰੀਨ ਸਿਹਤ ਸਹੂਲਤਾਂ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੁਹੱਲਾ ਕਲੀਨਿਕ ਖੋਲੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨਜ਼ਦੀਕ ਹੀ ਸਿਹਤ ਸਹੂਲਤਾਂ ਮੁਹਈਆ ਕਰਵਾਈਆਂ ਜਾ ਸਕਣ ।ਉਹਨਾਂ ਵੱਲੋਂ ਸਮੂਹ ਸਟਾਫ ਨੂੰ ਹਦਾਇਤ ਕੀਤੀ ਗਈ ਕਿ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਆਪਣਤ ਰਵਈਆ ਅਪਨਾਉਣ। ਇਸ ਮੌਕੇ ਡਾਕਟਰ ਬਲਜੀਤ ਕੌਰ , ਡਾ:ਹਰਪ੍ਰੀਤ ਸਿੰਘ, ਡਾ: ਕਰਤਾਰ ਸਿੰਘ , ਡਾ:ਰਜਵੰਤ ਕੌਰ , ਅਵਤਾਰ ਸਿੰਘ, ਕੁਲਵੀਰ ਸਿੰਘ, ਗੁਰਜੀਤ ਸਿੰਘ, ਜਤਿੰਦਰ ਸਿੰਘ ,ਅਮਰੀਕ ਸਿੰਘ ਆਦਿ ਹਾਜ਼ਰ ਸਨ।

## ਬੇਕਾਬੂ ਰੇਤ ਨਾਲ ਭਰਿਆ ਟਿੱਪਰ ਸੜਕ ਵਿਚਕਾਰ ਪਲਟਿਆ, ਜਾਨੀ ਨੁਕਸਾਨ ਤੋਂ ਬਚਾਅ

**ਮਾਹਿਲਪੁਰ**- ਪਿੰਡ ਖ਼ਾਨਪੁਰ ਨਜ਼ਦੀਕ ਟਰੈਕਟਰ ਟਰਾਲੀ ਨੂੰ ਬਚਾਉਂਦਾ ਬੇਕਾਬੂ ਰੇਤ ਨਾਲ ਭਰਿਆ ਟਿੱਪਰ ਸੜਕ ਵਿਚਕਾਰ ਪਲਟ ਗਿਆ। ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਟਿੱਪਰ ਦੇ ਡਰਾਈਵਰ ਬਬਲੂ ਪੁਤਰ ਲਾਲਤਾ ਬਦਨਪੁਰ (ਆਜ਼ਮਗੜ੍ਹ) ਯੂਪੀ ਹਾਲ ਵਾਸੀ ਰਾਮਪੁਰਾਫੂਲ ਨੇ ਦੱਸਿਆ ਕਿ ਬੀਤੀ ਰਾਤ ਕੋਈ ਸਾਢੇ ਕੁ ਗਿਆਰਾਂ ਵਜੇ ਮੈਂ ਜੇਜੋਂ ਦੋਆਬਾ ਤੋਂ ਆਪਣੇ ਟਿੱਪਰ ਵਿਚ ਰੇਤਾ ਭਰ ਕੇ ਫਰੀਦਕੋਟ ਜਾ ਰਿਹਾ ਸੀ ਤੇ ਮਾਹਿਲਪੁਰ ਕੋਲ ਪੈਂਦੇ ਪਿੰਡ ਖ਼ਾਨਪੁਰ ਨਜ਼ਦੀਕ ਸਾਹਮਣਿਓਂ ਆ ਰਹੇ ਟਰੈਕਟਰ ਟਰਾਲੀ ਨੂੰ ਬਚਾਉਂਦਾ ਹੋਇਆ ਬੇਕਾਬੂ ਹੋਇਆ ਟਿੱਪਰ ਪਲਟ ਗਿਆ। ਇਸ ਨਾਲ ਕਿਸੇ ਦੇ ਕੋਈ ਸੱਟ ਚੋਟ ਨਹੀਂ ਆਈ। ਜਦੋਂ ਟਿੱਪਰ ਦੇ ਮਾਲਕ ਉਸ ਦੇ ਦੱਸਣ ਅਨੁਸਾਰ ਆਪਣਾ ਨਾਮ ਜਗਦੀਪ ਸਿੰਘ ਪੁੱਤਰ ਦਾਲਾ ਸਿੰਘ ਵਾਸੀ ਰਾਮਪੁਰਾਫੂਲ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਗੱਲ ਕਰਨ ਦਾ ਸਮਾਂ ਨਹੀਂ ਅਸੀਂ ਸ਼ਾਮ ਨੂੰ ਗੱਲ ਕਰਾਂਗੇ। ਥਾਣਾ ਮਾਹਿਲਪੁਰ ਦੀ ਪੁਲਸ ਵੀ ਇਸ ਹਾਦਸੇ ਦੀ ਪੜਤਾਲ ਕਰ ਰਹੀ ਹੈ।



## ਐੱਚ ਪੀ ਵੀ ਟੀਕਾ ਸੁਰੱਖਿਅਤ ਤੇ ਪ੍ਰਭਾਵਸ਼ਾਲੀ: ਡਾ.ਕੁਲਵੰਤ ਰਾਏ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਉਣ ਲਈ ਸਮੇਂ-ਸਮੇਂ 'ਤੇ ਟੀਕਾਕਰਣ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ।ਇਸੇ ਕੜੀ ਤਹਿਤ ਐੱਚ ਪੀ ਵੀ ਟੀਕਾਕਰਣ ਮੁਹਿੰਮ ਨੂੰ ਵੀ ਵੱਡੇ ਪੱਧਰ 'ਤੇ ਅੱਗੇ ਵਧਾਇਆ ਜਾ ਰਿਹਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਬੱਚਿਆਂ ਦੇ ਮਾਹਿਰ ਡਾਕਟਰ ਕੁਲਵੰਤ ਰਾਏ ਨੇ ਦੱਸਿਆ ਕਿ ਸਿਵਲ ਸਰਜਨ ਹੁਸ਼ਿਆਰਪੁਰ ਡਾ.ਮਨਦੀਪ ਕਮਲ ਤੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਸਿਹਤ ਕੇਂਦਰਾਂ ਤੇ ਸਕੂਲਾਂ ਵਿੱਚ ਐੱਚ ਪੀ ਵੀ ਟੀਕਾਕਰਣ ਮੁਹਿੰਮ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ 14 ਤੋਂ 15 ਸਾਲ ਦੀਆਂ ਲੜਕੀਆਂ ਨੂੰ ਐੱਚ ਪੀ ਵੀ ਟੀਕੇ ਲਗਾ ਕੇ ਭਵਿੱਖ ਵਿੱਚ ਸਰਵਾਈਕਲ ਕੈਂਸਰ ਤੋਂ ਸੁਰੱਖਿਆ ਪ੍ਰਦਾਨ ਕਰਨਾ ਹੈ। ਉਨਾਂ ਦੱਸਿਆ ਕਿ ਐੱਚ ਪੀ ਵੀ ਇੱਕ ਵਾਇਰਸ ਹੈ ਜੋ ਮੁੱਖ ਤੌਰ 'ਤੇ ਸਰਵਾਈਕਲ ਕੈਂਸਰ (ਗਰਭਾਸ਼ਯ ਮੂੰਹ ਦਾ ਕੈਂਸਰ) ਦਾ ਕਾਰਨ ਬਣਦਾ ਹੈ, ਜੋ ਮਹਿਲਾਵਾਂ ਵਿੱਚ ਸਭ ਤੋਂ ਆਮ ਅਤੇ ਖਤਰਨਾਕ ਕੈਂਸਰਾਂ ਵਿੱਚੋਂ ਇੱਕ ਹੈ । ਉਨਾਂ ਦੱਸਿਆ ਕਿ ਐੱਚ ਪੀ ਵੀ ਨਾਲ ਸਬੰਧਤ ਸਰਵਾਈਕਲ ਕੈਂਸਰ ਭਾਰਤ ਵਿੱਚ ਹਰ ਸਾਲ ਅੰਦਾਜ਼ਨ 74,000 ਤੋਂ ਲਗਭਗ 80,000 ਮੌਤਾਂ ਦਾ ਕਾਰਨ ਬਣਦਾ ਹੈ।ਐੱਚ ਪੀ ਵੀ ਵੈਕਸੀਨ 14 ਤੋਂ 15 ਸਾਲ ਦੀਆਂ ਲੜਕੀਆਂ ਲਈ ਬਹੁਤ ਹੀ ਮਹੱਤਵਪੂਰਨ ਹੈ, ਜੋ ਸਰਵਾਈਕਲ ਕੈਂਸਰ ਤੋਂ ਬਚਾਅ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।



## ਆਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਭਲਕੇ

**ਦਸੂਹਾ (ਕਰਨੈਲ ਮਾਂਗਟ)**- ਪ੍ਰੈੱਸ ਦੇ ਨਾਂਅ ਤੇ ਬਿਆਨ ਜਾਰੀ ਕਰਦੇ ਹੋਏ ਬਲਾਕ ਪ੍ਰਧਾਨ ਸਰਬਜੀਤ ਕੌਰ ਤੂਰ ਅਤੇ ਬਲਵਿੰਦਰ ਕੌਰ ਲੁਗਾਨਾ ਨੇ ਦੱਸਿਆ ਕਿ 7 ਮਈ ਨੂੰ ਪੂਰੇ ਪੰਜਾਬ ਵਿੱਚ ਵਿਧਾਇਕਾਂ ਦੇ ਘਰਾਂ ਦੇ ਸਾਹਮਣੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਰੋਸ ਪ੍ਰਦਰਸ਼ਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਸੂਬਾ ਕਮੇਟੀ ਵਲੋ ਉਲੀਕੀ ਗਈ ਸੰਘਰਸ਼ ਦੀ ਰੂਪਰੇਖਾ ਦੇ ਅਧੀਨ ਕੀਤੇ ਜਾ ਰਹੇ ਹਨ। ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਵੋਟਾਂ ਵੇਲੇ ਕੀਤੇ ਗਏ ਵਾਅਦੇ ਅਨੁਸਾਰ ਆਂਗਣਵਾੜੀ ਵਰਕਰਾਂ, ਹੈਲਪਰਾਂ ਦਾ ਮਾਣ ਭੱਤਾ ਦੁਗਨਾ ਕਰੇ, ਆਂਗਣਵਾੜੀ ਕੇਂਦਰਾਂ ਵਿੱਚੋਂ ਖੋਹੇ ਗਏ ਬੱਚੇ ਵਾਪਸ ਆਗਣਵਾੜੀਆਂ ਵਿੱਚ ਭੇਜੇ ਜਾਣ, ਆਂਗਣਵਾੜੀ ਵਰਕਰ ਨੂੰ ਪ੍ਰੀ-ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ, ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ ਜੋ ਪਿਛਲੇ ਸਮੇਂ ਵਿੱਚ ਖਰੀਦੇ ਗਏ ਹਨ ਪਰੰਤੂ ਆਂਗਣਵਾੜੀ ਵਰਕਰਾਂ ਨੂੰ ਨਹੀਂ ਦਿੱਤੇ ਜਾ ਰਹੇ, ਆਂਗਣਵਾੜੀ ਵਰਕਰਾਂ ਨੂੰ ਮਾਵਾ ਧੀਆਂ ਸਤਿਕਾਰਯੋਗ ਯੋਜਨਾ ਵਿੱਚ ਕੰਮ ਕਰਨ ਬਦਲੇ 200 ਰੁਪਏ ਵਰਕਰ ਤੇ 100 ਰੁਪਏ ਹੈਲਪਰ ਦਿੱਤਾ ਜਾਵੇ। ਆਂਗਣਵਾੜੀ ਵਰਕਰਾਂ ਕੋਲੋਂ ਵਾਧੂ ਕੰਮ ਲੈਣੇ ਬੰਦ ਕੀਤੇ ਜਾਣ ਜਿਵੇਂ, ਆਰਥਿਕ ਜਨਗਣਨਾ, ਡਰੱਗ ਜਨ ਗਨ ਅਤੇ ਮੁੱਖ ਜਨਗਣਨਾ ਆਦਿ, ਐੱਨ ਜੀ ਓ ਅਧੀਨ ਚੱਲ ਰਹੇ ਤੇ ਬਲਾਕਾਂ ਨੂੰ ਵਾਪਸ ਲੈਣ ਦਾ ਹੋ ਚੁੱਕਿਆ ਨੋਟੀਫਿਕੇਸ਼ਨ ਲਾਗੂ ਕੀਤਾ ਜਾਵੇ। ਇਨਾਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਵਿਧਾਇਕਾਂ ਦੇ ਘਰ ਦੇ ਸਾਹਮਣੇ 7 ਮਈ ਨੂੰ ਰੋਸ ਪ੍ਰਦਰਸ਼ਨ ਹੋਵੇਗਾ ਜਿਸ ਵਿੱਚ ਆਂਗਣਵਾੜੀ ਵਰਕਰ ਹੈਲਪਰ ਵੱਡੀ ਗਿਣਤੀ ਵਿੱਚ ਭਾਗ ਲੈਣਗੀਆਂ।



# ਅਪ੍ਰੈਲ ਮਹੀਨੇ ਦੀ ਪੈਨਸ਼ਨ ਨਾ ਪੈਣ ਕਰਕੇ ਪੈਨਸ਼ਨਰਾਂ 'ਚ ਭਾਰੀ ਰੋਸ

**ਫ਼ਗਵਾੜਾ (ਜਸਵਿੰਦਰ ਢੱਡਾ)**- ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ (ਸੰਬੰਧਤ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ) ਦੇ ਪ੍ਰਧਾਨ ਮੋਹਣ ਸਿੰਘ ਭੱਟੀ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਪ੍ਰੈੱਸ ਨੂੰ ਸਾਂਝਾ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਪੈਨਸ਼ਨ ਪੋਰਟਲ ਲਾਗੂ ਹੋਣ ਕਰਕੇ ਅਤੇ ਡਿਜੀਟਲ ਲਾਈਵ ਸਰਟੀਫਿਕੇਟ ਅੱਪਡੇਟ ਨਾ ਹੋਣ ਦਾ ਬਹਾਨਾ ਲਾ ਕੇ ਪੰਜਾਬ ਦੇ ਲੱਖਾਂ ਪੈਨਸ਼ਨਰਾਂ ਦੀ ਅਪ੍ਰੈਲ ਮਹੀਨੇ ਦੀ ਪੈਨਸ਼ਨ ਅੱਜ ਤੱਕ ਨਾ ਪੈਣ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਤੇ ਗੁੱਸਾ ਹੈ। ਉਹਨਾਂ ਦੱਸਿਆ ਕਿ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਕਨਵੀਨਰਾਂ ਕਰਮ ਸਿੰਘ ਧਨੋਆ, ਡਾ.ਐਨ ਕੇ ਕਲਸੀ, ਅਵਿਨਾਸ਼ ਸ਼ਰਮਾ, ਭਜਨ ਸਿੰਘ ਗਿੱਲ ਅਤੇ ਸੁਖਵਿੰਦਰ ਸਿੰਘ ਸੈਣੀ ਦੀ ਅਗਵਾਈ ਵਿੱਚ ਇੱਕ ਮਾਸ ਡੈਪੂਟੇਸ਼ਨ ਡਾਇਰੈਕਟਰ ਪੈਨਸ਼ਨ ਵੰਡ ਖ਼ਜ਼ਾਨਾ ਤੇ ਲੇਖਾ ਪੰਜਾਬ ਨੂੰ 8 ਮਈ ਨੂੰ ਮਿਲਣ ਦਾ ਰਿਹਾ ਹੈ। ਡੈਪੂਟੇਸ਼ਨ ਦੇ ਆਗੂ ਡਾਇਰੈਕਟਰ ਪੈਨਸ਼ਨ ਵੰਡ ਖਜ਼ਾਨਾ ਤੇ ਲੇਖਾ ਨੂੰ ਦੱਸਣਗੇ ਕਿ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਨੂੰ ਵਡੇਰੀ ਉਮਰ ਹੋਣ ਕਰਕੇ ਵੀ ਮੁਆਫ਼ ਨਹੀਂ ਕੀਤਾ ਅਤੇ ਜਾਣਬੁੱਝ ਕੇ ਪੈਨਸ਼ਨ ਪੋਰਟਲ ਦੀਆਂ ਗੁੰਝਲਦਾਰ ਟੈਕਨੀਕਲ ਗੱਲਾਂ ਵਿੱਚ ਉਲਝਾ ਕੇ ਪੈਨਸ਼ਨਰਾਂ ਨੂੰ ਖੱਜਲ ਖੁਆਰ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੇ ਪੈਨਸ਼ਨਰ ਵਿਰੋਧੀ ਰਵੱਈਏ ਖਿਲਾਫ 8 ਮਈ ਨੂੰ ਠੀਕ 11:00 ਵਜੇ ਵਿੱਤ ਤੇ ਯੋਜਨਾ ਭਵਨ ਸੈਕਟਰ 33-ਏ ਚੰਡੀਗੜ੍ਹ ਵਿਖੇ ਡਾਇਰੈਕਟਰ ਪੈਨਸ਼ਨ ਵੰਡ ਖ਼ਜ਼ਾਨਾ ਅਤੇ ਲੇਖਾਂ ਨੂੰ ਮਾਸ ਡੈਪੂਟੇਸ਼ਨ ਰਾਹੀਂ ਪੈਨਸ਼ਨਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਜ਼ੋਰ ਪਾਵੇਗਾ। ਮੰਗ ਪੱਤਰ ਪੇਸ਼ ਕਰਕੇ ਪੈਨਸ਼ਨ ਪੋਰਟਲ ਰਾਹੀਂ ਹੋ ਰਹੀ ਖੱਜਲ ਖ਼ੁਆਰੀ ਬੰਦ ਕਰਨ ਅਤੇ ਪੈਨਸ਼ਨਾਂ ਹਰ ਮਹੀਨੇ ਆਖ਼ਰੀ ਮਿਤੀ ਤੋਂ ਪਹਿਲਾਂ ਪਾਉਣ ਦੀ ਮੰਗ ਕਰਨਗੇ।ਮਾਸ ਡੈਪੂਟੇਸ਼ਨ ਵਿੱਚ ਜੁਆਇੰਟ ਫਰੰਟ ਦੇ ਮੈਂਬਰ ਕੁਲਵਰਨ ਸਿੰਘ, ਸੁਖਦੇਵ ਸਿੰਘ ਪੰਨੂੰ, ਬੀ.ਐਸ. ਸੈਣੀ, ਖਜਾਨ ਚੰਦ, ਧਨਵੰਤ ਸਿੰਘ ਭੱਠਲ, ਦੇਵ ਰਾਜ, ਸੁਰਿੰਦਰ ਰਾਮ ਕੁੱਸਾ, ਹਰਜੀਤ ਸਿੰਘ ਤਰਖਾਣ ਮਾਜਰਾ, ਪ੍ਰੇਮ ਚੰਦ ਸ਼ਰਮਾ ਪੰਜੋਲਾ ਅਤੇ ਨਾਹਰ ਸਿੰਘ ਆਦਿ ਤੋਂ ਇਲਾਵਾ ਹਰ ਪੈਨਸ਼ਨਰ ਜਥੇਬੰਦੀ ਦੇ 15 ਪੈਨਸ਼ਨਰ ਸਾਥੀ ਜ਼ਰੂਰ ਸ਼ਾਮਲ ਹੋਣਗੇ।

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



ਸਦੀਵੀ ਯਾਦ ਵਿੱਚ
ਸਰਦਾਰਨੀ ਸੁਖਦੇਵ ਕੌਰ ਸਿੱਧੂ
ਸੁਪਤਨੀ ਸਵਰਗੀ ਸਰਦਾਰ ਸੁਖਮਿੰਦਰ ਸਿੰਘ ਸਿੱਧੂ

ਕੀਰਤਨ ਅਤੇ ਅੰਤਿਮ ਅਰਦਾਸ
ਗੁਰੂਦੁਆਰਾ ਪਾਤਸ਼ਾਹੀ ਛੇਵੀਂ ਭਾਈ ਬਹਿਲੋ, ਸੇਲਬਰ੍ਹਾ ਵਿਖੇ
7 ਮਈ 2026 ਨੂੰ ਦੁਪਹਿਰ 1:00 ਵਜੇ ਹੋਵੇਗੀ।

ਦੁਖੀ ਹਿਰਦੇ ਨਾਲ : ਸੇਲਬਰਾਹਿਆ ਪਰਿਵਾਰ
ਮਨਜੀਤ ਸਿੰਘ ਸਿੱਧੂ - 9216100007
ਬਲਜੀਤ ਸਿੰਘ ਸਿੱਧੂ - 9554511111
ਪਤਾ / ਲੋਕੇਸ਼ਨ

## ਚੜ੍ਹਦੀ ਕਲਾ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਨਵਾਂਸ਼ਹਿਰ (ਮਨੋਜ ਲਾਡੀ)**- ਨਵਾਂਸ਼ਹਿਰ ਦੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਸਰਬੱਤ ਦਾ ਭਲਾ ਸੁਸਾਇਟੀ ਦੀ ਚੜ੍ਹਦੀ ਕਲਾ ਅਤੇ ਪਰਵਾਰਿਕ ਮੈਂਬਰਾਂ ਦੀ ਸੁੱਖ ਸ਼ਾਂਤੀ ਲਈ 27ਵੇਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਗੁਰਦੁਆਰਾ ਗੁਰੂ ਅੰਗਦ ਨਗਰ ਵਿਖੇ ਕਰਵਾਏ ਗਏ। ਪਾਠ ਉਪਰੰਤ ਸੋਦਰ ਰਹਿਰਾਸ ਸਾਹਿਬ ਦੇ ਪਾਠ ਵੀ ਸੰਗਤੀ ਰੂਪ ਵਿਚ ਕੀਤੇ। ਇਸ ਮੌਕੇ ਚੌਹਾਨ ਮਿਊਜਿਕ ਅਕੈਡਮੀ ਦੀਆਂ ਵਿਦਿਆਰਥੀਆਂ ਨੇ ਪ੍ਰਿੰ. ਰਾਜਕੁਮਾਰੀ ਚੌਹਾਨ ਦੀ ਅਗਵਾਈ ਵਿਚ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਸਰਬੱਤ ਦੇ ਭਲੇ ਦੀ ਅਰਦਾਸ ਭਾਈ ਜਸਪਾਲ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਲੜੀ ਦਾ ਮੁੱਖ ਮੰਤਵ ਸੰਗਤਾਂ ਨੂੰ ਗੁਰਬਾਣੀ, ਗੁਰਮਤਿ ਅਤੇ ਸਮਾਜ ਸੇਵਾ ਨਾਲ ਜੋੜਨਾ ਹੈ। ਸਮਾਗਮ ਦੀ ਸੇਵਾ ਕਰਵਾਉਣ 'ਤੇ ਗਿਆਨ ਸਿੰਘ ਅਤੇ ਬੀਬੀ ਬਖਸ਼ੀਸ਼ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਅਹੁਦੇਦਾਰ, ਵਰਕਰ ਅਤੇ ਸੰਗਤਾਂ ਹਾਜ਼ਰ ਸਨ।

# ਸੰਤ ਕਿਰਪਾਲ ਦਾਸ ਨਮਿਤ ਸ਼ਰਧਾਂਜਲੀ ਸਮਾਗਮ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਉਦਾਸੀਨ ਕੁਟੀਆ ਸੰਤ ਬਾਬਾ ਮਾਹਨ ਦਾਸ ਜੀ ਪਿੰਡ ਭਾਰਟਾ ਗਣੇਸ਼ਪੁਰ ਦੇ ਮੁੱਖ ਸੰਚਾਲਕ ਸੰਤ ਬਾਬਾ ਕਿਰਪਾਲ ਦਾਸ, ਜੋ ਕਿ ਪਿਛਲੇ ਦਿਨੀਂ ਅਚਾਨਕ ਵਿਛੋੜਾ ਦੇ ਗਏ ਸਨ, ਨਮਿਤ ਸ਼ਰਧਾਂਜਲੀ ਸਮਾਗਮ ਹੋਇਆ। ਇਸ ਮੌਕੇ ਸਹਿਜ ਪਾਠ ਦੇ ਭੋਗ ਪਾਏ ਗਏ। ਉਸ ਤੋਂ ਬਾਅਦ ਸਮਾਗਮ ਵਿੱਚ ਸ਼ਾਮਲ ਸੰਤਾਂ ਮਹਾਂਪੁਰਸ਼ਾਂ ਨੇ ਸੰਤ ਬਾਬਾ ਕਿਰਪਾਲ ਦਾਸ ਮਹਾਰਾਜ ਦੇ ਪਰਉਪਕਾਰੀ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਜੈ ਕ੍ਰਿਸ਼ਨ ਸਿੰਘ ਰੋੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਵਿਧਾਇਕ ਹਲਕਾ ਗੜ੍ਹਸ਼ੰਕਰ, ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ, ਭਾਜਪਾ ਆਗੂ ਮੈਡਮ ਨਿਮਿਸ਼ਾ ਮਹਿਤਾ ਸਮੇਤ ਵੱਖ- ਵੱਖ ਪਾਰਟੀਆਂ ਦੇ ਆਗੂਆਂ ਨੇ ਸੰਤ ਬਾਬਾ ਕਿਰਪਾਲ ਦਾਸ ਮਹਾਰਾਜ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਮੌਕੇ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਸੰਤ ਕਿਰਪਾਲ ਦਾਸ ਜੀ ਨਾਲ ਹੋਏ ਵਾਅਦੇ ਮੁਤਾਬਕ ਉਹਨਾਂ ਨੇ ਪਿੰਡ ਭਾਰਟਾ ਗਣੇਸ਼ਪੁਰ ਵਿੱਚ ਤਕਰੀਬਨ 20 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪੀਣ ਵਾਲੇ ਪਾਣੀ ਦੀ ਟੈਂਕੀ ਪਾਸ ਕਰਵਾ ਦਿੱਤੀ ਹੈ। ਸਮਾਗਮ ਉਪਰੰਤ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਦੇ ਸਮੂਹ ਮਹਾਂਪੁਰਸ਼ਾਂ ਅਤੇ ਹੋਰ ਵੱਖ- ਵੱਖ ਡੇਰਿਆਂ ਦੇ ਮਹਾਂਪੁਰਸ਼ਾਂ ਵੱਲੋਂ ਸੰਤ ਸੰਤੋਖ ਦਾਸ ਮਹਾਰਾਜ ਦੀ ਦਸਤਾਰਬੰਦੀ ਕਰਕੇ ਉਹਨਾਂ ਨੂੰ ਭਾਰਟਾ ਗਣੇਸ਼ਪੁਰ ਅਤੇ ਖਾਨਪੁਰ ਦੇ ਦੋਨੋਂ ਡੇਰਿਆਂ ਦੀ ਸੇਵਾ ਸੰਭਾਲੀ ਗਈ। ਸੰਤ ਸੰਤੋਖ ਦਾਸ ਇਹਨਾਂ ਦੋਨੋਂ ਡੇਰਿਆਂ ਦੇ ਮੁੱਖ ਸੰਚਾਲਕ ਹੋਣਗੇ। ਇਸ ਮੌਕੇ ਸੰਤ ਨਿਰਮਲ ਦਾਸ, ਸੰਤ ਸਰਵਣ ਦਾਸ ਬੋਹਣ, ਭੈਣ ਸੰਤੋਸ਼ ਕੁਮਾਰੀ, ਸੰਤ ਕ੍ਰਿਸ਼ਨਾ ਦਾਸ, ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਸਤਵਿੰਦਰ ਹੀਰਾ, ਸੰਤ ਜਸਵਿੰਦਰ ਦਾਸ ਡਾਂਡੀਆਂ, ਸੰਤ ਸੁਰਜੀਤ ਦਾਸ, ਸੰਤ ਮੱਖਣ ਸਿੰਘ ਟੂਟੋਮਜਾਰਾ, ਸੰਤ ਬਲਵੀਰ ਸਿੰਘ ਸ਼ਾਸਤਰੀ, ਸੰਤ ਮੇਜਰ ਦਾਸ ਹੱਲੂਵਾਲ, ਸੰਤ ਕਸ਼ਮੀਰਾ ਸਿੰਘ, ਸੰਤ ਬਲਬੀਰ ਦਾਸ, ਸੰਤ ਪਰਮਜੀਤ ਸਮੇਤ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਨਾਲ ਸੰਬੰਧਿਤ ਸੰਤ ਮਹਾਂਪੁਰਸ਼ ਅਤੇ ਹੋਰ ਵੱਖ ਵੱਖ ਡੇਰਿਆਂ ਤੋਂ ਸੰਤ ਮਹਾਂਪੁਰਸ਼ ਅਤੇ ਉਨ੍ਹਾਂ ਦੇ ਨਾਲ ਸਨਮਾਨਯੋਗ ਸ਼ਖਸੀਅਤਾਂ ਹਾਜ਼ਰ ਸਨ। ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਦੌਰਾਨ ਗੁਰੂ ਕਾ ਲੰਗਰ ਤੋਂ ਅਟੁੱਟ ਚੱਲਿਆ। ਸਾਰੀਆਂ ਹੀ ਸੰਗਤਾਂ ਨੇ ਸੰਤ ਬਾਬਾ ਕਿਰਪਾਲ ਦਾਸ ਮਹਾਰਾਜ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕੀਤਾ।

